# ਨਿਆਂ ਜਿਨ੍ਹਾਂ ਦਾ ਮਨੁੱਖ ਸਾਹਮਣਾ ਕਰਨਗੇ

ਫ੍ਰੈਂਕਲਿਨ ਦੇ ਨੋਟਸ

ਸਰਬ ਸ਼ਕਤੀਮਾਨ ਪਰਮੇਸ਼ੁਰ ਅਕਾਸ਼ ਅਤੇ ਧਰਤੀ ਦਾ ਸਿਰਜਣਹਾਰ ਨਿਆਂ ਕਰਨ ਦੇ ਸਰਬ ਸ੍ਰੇਸ਼ਠ ਅਧਿਕਾਰ ਨਾਲ ਆਪਣੀ ਸ੍ਰਿਸ਼ਟੀ ਦਾ ਪ੍ਰਭੂ ਹੈ। ਅਤੇ ਉਹੋ ਹੀ ਕੇਵਲ ਇੱਕ ਧਰਮੀ ਨਿਆਈਂ ਹੈ (ਜ਼ਬੂਰ 7:11; 2 ਤਿਮੋਥਿਉਸ 4:8)

**ਆਦਮ ਅਤੇ ਹਵਾ ਨੂੰ** ਉਨ੍ਹਾਂ ਦੀ ਅਣ-ਆਗਿਆਕਾਰੀ ਦੇ ਕਾਰਨ ਸੱਪ ਦੇ ਨਾਲ **ਸਜ਼ਾ ਦਿੱਤੀ ਗਈ ਸੀ** (ਉਤਪਤ 3:13-19)।

**ਸਾਰੀ ਮਨੁੱਖ ਜਾਤੀ ਨੂੰ ਪਰਲੋ ਦੇ ਨਾਲ ਸਜ਼ਾ ਦਿੱਤੀ ਗਈ ਸੀ।**

ਉਤਪਤ 6:5 ਫੇਰ ਯਹੋਵਾਹ ਨੇ ਵੇਖਿਆ ਕਿ **ਆਦਮੀ ਦੀ ਬੁਰਿਆਈ ਧਰਤੀ ਉੱਤੇ ਵਧ ਗਈ** ਅਰ ਉਸ ਦੇ ਮਨ ਦੇ ਵਿਚਾਰਾਂ ਦੀ ਹਰ ਇੱਕ ਭਾਵਨਾ ਸਾਰਾ ਦਿਨ ਬੁਰੀ ਹੀ ਰਹਿੰਦੀ ਹੈ। (13) ਸੋ ਪਰਮੇਸ਼ੁਰ ਨੇ ਨੂਹ ਨੂੰ ਆਖਿਆ ਕਿ ਸਰਬੱਤ ਸਰੀਰਾਂ ਦਾ ਅੰਤਕਾਲ ਮੇਰੇ ਸਾਹਮਣੇ ਏਸ ਲਈ ਆ ਗਿਆ ਹੈ ਕਿ ਧਰਤੀ ਉਨ੍ਹਾਂ ਦੇ ਕਾਰਨ ਜ਼ੁਲਮ ਨਾਲ ਭਰ ਗਈ ਹੈ। ਵੇਖ ਮੈਂ ਉਨ੍ਹਾਂ ਨੂੰ ਧਰਤੀ ਦੇ ਸੰਗ ਨਾਸ ਕਰਾਂਗਾ।

**ਸਦੂਮ ਅਤੇ ਅਮੂਰਾਹ ਨੂੰ ਉਨ੍ਹਾਂ ਦੀ ਹਰਾਮਕਾਰੀ ਦੇ ਕਾਰਨ ਸਜ਼ਾ ਦਿੱਤੀ ਗਈ ਸੀ।**

ਉਤਪਤ 19:24-25 ਅਤੇ ਯਹੋਵਾਹ ਨੇ ਸਦੂਮ ਅਰ ਅਮੂਰਾਹ ਉੱਤੇ **ਗੰਧਕ ਅਰ ਅੱਗ** ਯਹੋਵਾਹ ਦੀ ਵੱਲੋਂ ਅਕਾਸ਼ ਤੋਂ ਬਰਸਾਈ। (25) ਅਤੇ ਉਸ ਨੇ ਇਨ੍ਹਾਂ ਨਗਰਾਂ ਨੂੰ ਅਰ ਸਾਰੇ ਦੂਣ ਨੂੰ ਅਰ ਨਗਰਾਂ ਦੇ ਵਸਨੀਕਾਂ ਨੂੰ ਅਰ ਜ਼ਮੀਨ ਦੀ ਅੰਗੂਰੀ ਨੂੰ ਨਸ਼ਟ ਕਰ ਸੁੱਟਿਆ।

ਅਤੇ 1 ਕੁਰਿੰਥੀਆਂ 10:11 ਇਸ ਤਰ੍ਹਾਂ ਆਖਦਾ ਹੈ: ਸੋ ਏਹ ਗੱਲਾਂ ਓਹਨਾਂ ਉੱਤੇ **ਨਸੀਹਤ** ਦੇ ਲਈ ਹੋਈਆਂ ਅਤੇ **ਸਾਨੂੰ ਮੱਤ ਦੇਣ ਲਈ** ਲਿਖੀਆਂ ਹੋਈਆਂ ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ।

ਇਬਰਾਨੀਆਂ 10:30-31 ਕਿਉਂ ਜੋ ਅਸੀਂ ਉਹ ਨੂੰ ਜਾਣਦੇ ਹਾਂ ਜਿਹ ਨੇ ਆਖਿਆ ਭਈ ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ **ਲਾਹਵਾਂਗਾ** ਅਤੇ ਫੇਰ ਇਹ ਕਿ ਪ੍ਰਭੂ **ਆਪਣੀ ਪਰਜਾ ਦਾ ਨਿਆਉਂ ਕਰੇਗਾ।** (31) ਜੀਉਂਦੇ ਪਰਮੇਸ਼ੁਰ ਦੇ ਹੱਥ ਵਿੱਚ ਪੈਣਾ ਭਿਆਣਕ ਗੱਲ ਹੈ!

ਇਸ ਲਈ **ਸਾਨੂੰ** ਸਰਬ ਸ਼ਕਤੀਮਾਨ ਪਰਮੇਸ਼ੁਰ, ਸਾਡੇ ਪਿਤਾ ਨੂੰ **ਪਿਆਰ** ਕਰਨ ਦੇ ਨਾਲ-ਨਾਲ ਉਸ ਦਾ **ਪਵਿੱਤਰ ਭੈ** ਰੱਖਣ ਦੀ **ਲੋੜ ਹੈ** ਅਤੇ ਸਾਨੂੰ **ਰੱਖਣਾ ਚਾਹੀਦਾ ਹੈ**, ਜੋ ਸਾਡੇ ਜੀਵਨ ਜੀਉਣ ਦੇ ਢੰਗ ਦੀ ਜਾਂਚ ਕਰੇ ਅਤੇ ਅਗਵਾਈ ਕਰੇ। ਜੋ ਪਰਮੇਸ਼ੁਰ ਦਾ ਭੈ ਮੰਨਦੇ ਹਨ ਉਨ੍ਹਾਂ ਦੇ ਲਈ ਬਹੁਤ ਸਾਰੀਆਂ ਬਰਕਤਾਂ ਹਨ (ਵੇਖੋ ਸਫ਼ਾ 15)।

ਪਰਮੇਸ਼ੁਰ ਦੇ **ਪਵਿੱਤਰ ਭੈ** ਨੂੰ ਪ੍ਰਾਪਤ ਕਰਨ ਵਿੱਚ ਸਾਡੀ ਸਹਾਇਤਾ ਕਰਨ ਲਈ, ਸਾਨੂੰ ਸਪਸ਼ਟ ਰੂਪ ਦੇ ਵਿੱਚ **ਨਿਆਵਾਂ** ਨੂੰ ਸਮਝਣ ਦੀ ਲੋੜ ਹੈ ਜਿਵੇਂ ਇਹ ਨਵੇਂ ਨੇਮ ਦੇ ਵਿੱਚ ਪਰਗਟ ਕੀਤੇ ਗਏ ਹਨ।

ਨਵੇਂ ਨੇਮ ਦੇ ਵਿੱਚ ਪੰਜ ਵੱਖ-ਵੱਖ ਨਿਆ ਪਰਗਟ ਕੀਤੇ ਗਏ ਹਨ ਅਤੇ ਉਹ ਪ੍ਰਾਪਤਕਰਤਾ, ਸਥਾਨ ਅਤੇ ਮਕਸਦ ਦੇ ਅਧਾਰ 'ਤੇ ਵੱਖ-ਵੱਖ ਹਨ। ਫਿਰ ਵੀ ਉਨ੍ਹਾਂ ਸਾਰਿਆਂ ਦੇ ਵਿੱਚ ਇੱਕ ਚੀਜ਼ ਸਾਂਝੀ ਹੈ: **ਪ੍ਰਭੂ ਯਿਸੂ ਮਸੀਹ ਨਿਆਈਂ ਹੈ।**

ਯੂਹੰਨਾ 5:22 ਪਿਤਾ ਕਿਸੇ ਦਾ ਨਿਆਉਂ ਨਹੀਂ ਕਰਦਾ ਪਰ ਉਸ ਨੇ **ਸਾਰਾ ਨਿਆਉਂ ਪੁੱਤਰ ਨੂੰ** ਸੌਂਪ ਦਿੱਤਾ ਹੈ।

ਰਸੂਲਾਂ ਦੇ ਕਰਤੱਬ 17:31 ਕਿਉਂ ਜੋ ਉਸ ਨੇ **ਇੱਕ ਦਿਨ ਠਹਿਰਾ ਛੱਡਿਆ** ਹੈ ਜਿਹ ਦੇ ਵਿੱਚ **ਉਹ** ਸਚਿਆਈ ਨਾਲ **ਸੰਸਾਰ ਦਾ ਨਿਆਉਂ ਕਰੇਗਾ** ਓਸ **ਮਨੁੱਖ** ਦੇ ਰਾਹੀਂ ਜਿਹ ਨੂੰ ਉਸ ਨੇ ਠਹਿਰਾਇਆ ਅਤੇ **ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲ ਕੇ** ਇਹ ਗੱਲ ਸਭਨਾਂ ਉੱਤੇ ਸਾਬਤ ਕਰ ਦਿੱਤੀ ਹੈ।

ਆਦਮ ਤੋਂ ਲੈ ਕੇ ਇਸ ਧਰਤੀ ਉੱਤੇ ਜਨਮ ਲੈਣ ਵਾਲੇ ਆਖਰੀ ਮਨੁੱਖ ਤੱਕ **ਹਰੇਕ ਨਿਆਂ ਦੇ ਲਈ ਪ੍ਰਭੂ ਯਿਸੂ ਮਸੀਹ ਦੇ ਅੱਗੇ ਖੜ੍ਹਾ ਹੋਵੇਗਾ।**

## ੧. ਵਿਸ਼ਵਾਸੀ ਦੇ ਪਾਪਾਂ ਦਾ ਨਿਆਂ

ਯੂਹੰਨਾ 5:24 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰਾ ਬਚਨ **ਸੁਣਦਾ** ਅਤੇ ਉਹ ਦੀ **ਪਰਤੀਤ ਕਰਦਾ** ਹੈ ਜਿਨ੍ਹ ਮੈਨੂੰ ਘੱਲਿਆ ਸਦੀਪਕ ਜੀਉਣ ਉਹ ਦਾ ਹੈ ਅਰ ਉਸ ਉੱਤੇ **ਸਜ਼ਾ** ਦਾ ਹੁਕਮ **ਨਹੀਂ ਹੁੰਦਾ** ਸਗੋਂ **ਮੌਤ ਤੋਂ ਪਾਰ ਲੰਘ ਕੇ ਉਹ ਜੀਉਣ ਵਿੱਚ ਜਾ ਪਹੁੰਚਿਆ ਹੈ।**

ਮਨੁੱਖ ਜਾਤੀ ਦੇ ਇਤਿਹਾਸ ਵਿੱਚ ਇਹ ਸਭ ਤੋਂ ਵੱਡੀ ਖਬਰ ਹੈ।

ਪਹਿਲੇ ਨਿਆਂ ਦੇ ਵਿੱਚ ਵਿਸ਼ਵਾਸੀ ਦੇ **ਪਾਪਾਂ** ਦਾ **ਨਿਆ ਪਹਿਲਾਂ ਹੀ** ਯਿਸੂ ਮਸੀਹ ਦੇ ਵਿੱਚ ਸਲੀਬ ਉੱਤੇ **ਕੀਤਾ ਜਾ ਚੁੱਕਾ ਹੈ।** ਇਹ ਹਰੇਕ ਵਿਸ਼ਵਾਸੀ ਦੇ ਦਿਲ ਵਿੱਚ ਵੱਡਾ ਅਰਾਮ, ਸ਼ੁਕਰਗੁਜ਼ਾਰੀ, ਉਤਸ਼ਾਹ ਅਤੇ ਧੰਨਵਾਦ ਪੈਦਾ ਕਰਦਾ ਹੈ।

**ਸਾਡੇ ਪਾਪਾਂ ਦਾ ਨਿਆਂ** ਯਿਸੂ ਮਸੀਹ ਦੇ ਵਿੱਚ ਸਲੀਬ ਉੱਤੇ **ਕੀਤਾ ਗਿਆ ਸੀ** ਅਤੇ ਹਰੇਕ ਵਿਸ਼ਵਾਸੀ ਕਦੇ ਨਾ ਵਾਪਸ ਆਉਣ ਲਈ "ਮੌਤ ਤੋਂ ਪਾਰ ਲੰਘ ਕੇ ਉਹ ਜੀਉਣ ਵਿੱਚ ਜਾ ਪਹੁੰਚਿਆ ਹੈ"। ਯਿਸੂ ਨੇ ਸਾਡੇ ਪਾਪਾਂ ਦਾ ਪੂਰਾ ਜ਼ੁਰਮਾਨਾ ਭਰਿਆ, ਪਾਪ ਦੀ ਮਜੂਰੀ ਤਾਂ **ਮੌਤ** ਹੈ (ਰੋਮੀਆਂ 6:23)। ਪਰੰਤੂ ਪਰਮੇਸ਼ੁਰ **ਆਪਣਾ ਪ੍ਰੇਮ** ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ **ਮਸੀਹ ਸਾਡੇ ਲਈ ਮੋਇਆ** (ਰੋਮੀਆਂ 5:8)। ਸੱਚਾ ਵਿਸ਼ਵਾਸੀ **ਕਦੇ ਨਹੀਂ ਮਰੇਗਾ।**

ਸੋ ਹੁਣ ਓਹਨਾਂ ਲਈ ਜਿਹੜੇ **ਮਸੀਹ ਯਿਸੂ ਵਿੱਚ** ਹਨ **ਸਜ਼ਾ** (κατακριμα – ਵਿਰੋਧ ਵਿੱਚ ਨਿਆਂ ਦਾ, ਸਜ਼ਾ ਦਾ, ਦੋਸ਼ ਦਾ, ਫਿਟਕਾਰ ਦਾ) ਦਾ ਹੁਕਮ ਨਹੀਂ ਹੈ। (2) ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿੱਚ ਮੈਨੂੰ **ਪਾਪ** ਅਤੇ **ਮੌਤ** ਦੀ ਸ਼ਰਾ ਤੋਂ **ਛੁਡਾ ਦਿੱਤਾ।** (3) ਜੋ ਸ਼ਰਾ ਤੋਂ ਨਾ ਹੋ ਸੱਕਿਆ ਇਸ ਕਰਕੇ ਜੋ ਉਹ ਸਰੀਰ ਦੇ ਕਾਰਨ ਨਿਤਾਣੀ ਸੀ, ਪਰਮੇਸ਼ੁਰ ਨੇ **ਆਪਣਾ ਪੁੱਤਰ** ਪਾਪ ਦੇ ਲਈ ਪਾਪੀ ਸਰੀਰ ਦੇ ਰੂਪ ਵਿੱਚ ਘੱਲ ਕੇ ਉਸ ਦੇ ਪੁੱਤਰ ਯਿਸੂ ਮਸੀਹ ਦੇ ਸਰੀਰ ਵਿੱਚ ਹੀ **ਪਾਪ** ਉੱਤੇ **ਸਜ਼ਾ** (κατεκρινεν - ਉਸੇ ਸ਼ਬਦ ਦੀ ਕਿਰਿਆ) ਦਾ ਹੁਕਮ ਦਿੱਤਾ। ਰੋਮੀਆਂ 8:1-4

ਉਹ ਨੇ **ਉਸ ਨੂੰ** ਜਿਹਨਾ ਪਾਪ ਦਾ ਜਾਣੂ ਨਹੀਂ ਸੀ **ਸਾਡੀ ਖ਼ਾਤਰ ਪਾਪ ਠਹਿਰਾਇਆ** ਗਿਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ **ਪਰਮੇਸ਼ੁਰ ਦਾ ਧਰਮ** ਬਣੀਏ। 2 ਕੁਰਿੰਥੀਆਂ 5:21

ਇਸ ਤਰ੍ਹਾਂ **ਅਸੀਂ ਪਾਪ ਅਤੇ ਮੌਤ ਤੋਂ ਅਜ਼ਾਦ ਹੁੰਦੇ ਹਾਂ।**

- ਯਿਸੂ ਮਸੀਹ ਨੇ ਆਪਣੀ ਮੌਤ ਦੇ ਦੁਆਰਾ ਸਾਡੇ ਪਾਪਾਂ ਦਾ ਪੂਰਾ ਜ਼ੁਰਮਾਨਾ ਭਰਿਆ, ਇਸ ਲਈ **ਵਿਸ਼ਵਾਸੀ ਆਪਣੇ ਪਾਪਾਂ ਤੋਂ ਹਮੇਸ਼ਾ ਲਈ ਵੱਖ ਕੀਤਾ ਗਿਆ ਹੈ।**

ਜਿੰਨਾ ਚੜ੍ਹਦਾ ਲਹਿੰਦੇ ਤੋਂ ਦੂਰ ਹੈ, ਉੱਨੇ ਹੀ ਉਹ ਨੇ **ਸਾਡੇ ਅਪਰਾਧ ਸਾਥੋਂ ਦੂਰ ਕੀਤੇ ਹਨ!** ਜ਼ਬੂਰ 103:12

- ਵਿਸ਼ਵਾਸੀ ਦੇ ਪਾਪ "**ਮਿਟਾਏ**" ਜਾ ਚੁੱਕੇ ਹਨ ਅਤੇ ਪ੍ਰਭੂ ਨੇ ਵਾਅਦਾ ਕੀਤਾ ਹੈ ਕਿ ਉਹ ਸਾਡੇ ਪਾਪਾਂ ਨੂੰ "**ਯਾਦ ਨਹੀਂ ਕਰੇਗਾ**"। ਮੈਂ, ਹਾਂ, ਮੈਂ ਹੀ ਉਹ ਹਾਂ, ਜੋ ਤੇਰੇ ਅਪਰਾਧਾਂ ਨੂੰ **ਆਪਣੇ ਨਮਿੱਤ** ਮਿਟਾਉਂਦਾ ਹਾਂ, ਅਤੇ **ਮੈਂ ਤੇਰੇ ਪਾਪਾਂ ਨੂੰ ਚੇਤੇ ਨਹੀਂ ਰੱਖਾਂਗਾ।** ਯਸਾਯਾਹ 43:25

- ਸਾਡੇ ਪ੍ਰਭੂ ਨੇ ਸਾਡੇ ਪਾਪਾਂ ਲਈ ਦੁੱਖ ਝੱਲਿਆ, "ਨਿਆਂ ਨੇ ਅਨਿਆਂ ਦੇ ਲਈ" ਤਾਂ ਕਿ ਅਸੀਂ ਬਚਾਏ ਜਾ ਸਕੀਏ ਅਤੇ ਪਾਪੀਆਂ ਦੇ ਵਾਂਗ **ਕਦੇ ਵੀ ਨਿਆਂ ਦੇ ਵਿੱਚ ਨਾ ਆਈਏ।** ਕਿਉਂ ਜੋ ਮਸੀਹ ਨੇ ਭੀ ਇੱਕ ਵਾਰ ਪਾਪਾਂ ਦੇ ਪਿੱਛੇ **ਦੁਖ ਝੱਲਿਆ** ਅਰਥਾਤ ਧਰਮੀ ਨੇ ਕੁਧਰਮੀਆਂ ਦੇ ਲਈ ਭਈ ਉਹ ਸਾਨੂੰ ਪਰਮੇਸ਼ੁਰ ਦੇ ਕੋਲ ਪੁਚਾਵੇ। ਉਹ ਤਾਂ ਸਰੀਰ ਕਰਕੇ ਮਾਰਿਆ ਗਿਆ ਪਰ ਆਤਮਾ ਕਰਕੇ ਜਿਵਾਲਿਆ ਗਿਆ। 1 ਪਤਰਸ 3:18

- ਯਿਸੂ ਸਾਡੇ ਲਈ ਸਲੀਬ ਉੱਤੇ ਇੱਕ ਸਰਾਪ ਬਣਾਇਆ ਗਿਆ ਅਤੇ "ਸਾਨੂੰ ਸ਼ਰਾ ਦੇ ਸਰਾਪ ਤੋਂ ਛੁਡਾਇਆ"। ਮਸੀਹ ਨੇ **ਸਾਨੂੰ** ਮੁੱਲ ਲੈ ਕੇ ਸ਼ਰਾ ਦੇ ਸਰਾਪ ਤੋਂ **ਛੁਡਾਇਆ** ਇਸ ਕਰਕੇ ਜੋ ਉਹ ਸਾਡੇ ਲਈ ਸਰਾਪ ਬਣਿਆ ਗਲਾਤੀਆਂ 3:13

- ਯਿਸੂ ਆਪਣੇ ਬਲੀਦਾਨ ਦੇ ਦੁਆਰਾ **ਪਾਪਾਂ ਨੂੰ ਦੂਰ ਕਰਨ** ਲਈ ਪਰਗਟ ਹੋਇਆ। ਪਰ ਹੁਣ ਜੁੱਗਾਂ ਦੇ ਅੰਤ ਵਿੱਚ ਉਹ ਇੱਕੋ ਵਾਰ ਪਰਗਟ ਹੋਇਆ ਹੈ ਭਈ ਆਪਣੇ ਆਪ ਦੇ ਬਲੀਦਾਨ ਕਰਨ ਨਾਲ **ਪਾਪ ਨੂੰ ਦੂਰ ਕਰੇ।** ਇਬਰਾਨੀਆਂ 9:26

- ਵਿਸ਼ਵਾਸੀ ਨਿਆਂ ਦੇ ਵਿੱਚ **ਨਹੀਂ** ਆਵੇਗਾ ਕਿਉਂਕਿ ਉਸ ਦੇ ਪਾਪ **ਸ਼ੁੱਧ ਕੀਤੇ ਜਾਂ ਸਾਫ਼ ਕੀਤੇ ਗਏ ਹਨ।** ਉਹ ਪਾਪਾਂ ਨੂੰ ਸਾਫ਼ ਕਰ ਕੇ ਇਬਰਾਨੀਆਂ 1:3

## ii. ਵਿਸ਼ਵਾਸੀ ਦਾ ਖੁਦ ਦਾ ਨਿਆਂ

1 ਕੁਰਿੰਥੀਆਂ 11:31-32 ਪਰ ਜੇ ਅਸੀਂ **ਆਪਣੇ ਆਪ ਨੂੰ ਜਾਚਦੇ** ਤਾਂ ਜਾਚੇ ਨਾ ਜਾਂਦੇ। ਪਰ ਜਾਂ ਜਾਚੇ ਜਾਂਦੇ ਹਾਂ ਤਾਂ ਪ੍ਰਭੂ ਤੋਂ **ਤਾੜੇ ਜਾਂਦੇ ਹਾਂ ਤਾਂ ਜੋ** ਅਸੀਂ **ਸੰਸਾਰ ਨਾਲ ਦੋਸ਼ੀ ਨਾ ਠਹਿਰਾਏ ਜਾਈਏ।**

ਤਾੜੇ ਜਾਣ ਦਾ ਵਿਚਾਰ ਹਮੇਸ਼ਾ ਕੁਝ ਹੱਦ ਤੱਕ ਡਰ ਨੂੰ ਲੈ ਕੇ ਆਉਂਦਾ ਹੈ ਜੋ ਸਾਨੂੰ ਸਾਡੇ ਰਾਹ ਦੇ ਬਾਰੇ ਵਿਚਾਰ ਕਰਨ ਦਿੰਦਾ ਹੈ। ਪਰਮੇਸ਼ੁਰ ਦੇ ਬੱਚੇ ਹੋਣ ਦੇ ਨਾਤੇ ਜੇਕਰ ਅਸੀਂ ਤੁਰੰਤ ਅਤੇ ਲਗਾਤਾਰ **ਆਪਣੇ ਆਪ ਨੂੰ ਜਾਚਦੇ ਹਾਂ**, ਤਾਂ ਅਸੀਂ ਆਪਣੇ ਜੀਵਨ ਵਿੱਚ **ਪਿਤਾ ਵੱਲੋਂ ਤਾੜੇ ਜਾਣ ਨੂੰ ਘਟਾ ਸਕਦੇ ਹਾਂ।**

> 1 ਪਤਰਸ 4:17 ਕਿਉਂ ਜੋ ਸਮਾ ਆ ਪਹੁੰਚਾ ਭਈ **ਪਰਮੇਸ਼ੁਰ ਦੇ ਘਰੋਂ ਨਿਆਉਂ ਸ਼ੁਰੂ ਹੋਵੇ** ਅਤੇ ਜੇ ਉਹ ਪਹਿਲਾਂ ਸਾਥੋਂ ਸ਼ੁਰੂ ਹੋਵੇ ਤਾਂ ਉਨ੍ਹਾਂ ਦਾ ਅੰਤ ਕੀ ਹੋਵੇਗਾ ਜਿਹੜੇ ਪਰਮੇਸ਼ੁਰ ਦੀ ਖੁਸ਼ ਖਬਰੀ ਨੂੰ **ਨਹੀਂ *ਮੰਨਦੇ?**
> *ਯੂਨਾਨੀ ਸ਼ਬਦ ਦਾ ਅਰਥ ਹੈ "ਅਣ-ਆਗਿਆਕਾਰੀ ਕਰਨਾ, ਇੱਛਾ ਨਾਲ ਅਤੇ ਉਲਟਾ"

ਵਿਸ਼ਵਾਸੀ ਦਾ **ਖੁਦ** ਦਾ **ਨਿਆਂ** ਸਾਡੇ ਆਪਣੇ ਜੀਵਨ ਦੇ ਵਿੱਚ **ਚੀਜ਼ਾਂ ਨੂੰ ਜਾਚਣ** ਨਾਲੋਂ **ਵਧ ਕੇ** ਹੈ। ਜਦੋਂ ਅਸੀਂ ਆਪਣੇ ਆਪ ਨੂੰ ਜਾਚਦੇ ਹਾਂ, ਤਾਂ ਸਾਡੇ ਜੀਵਨ ਵਿਚਲੀਆਂ ਭਲਾਈਆਂ ਅਤੇ ਬੁਰਾਈਆਂ ਪਰਗਟ ਹੁੰਦੀਆਂ ਹਨ ਅਤੇ ਅਸੀਂ **ਬੁਰਾਈ ਦਾ ਅੰਗੀਕਾਰ ਕਰਾਂਗੇ ਅਤੇ ਇਸ ਨੂੰ ਤਿਆਗ ਦੇਵਾਂਗੇ।**

1 ਯੂਹੰਨਾ 1:9 ਜੇ ਅਸੀਂ ਆਪਣਿਆਂ ਪਾਪਾਂ ਦਾ **ਇਕਰਾਰ ਕਰੀਏ** ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ **ਮਾਫ਼** ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ।

ਯਸਾਯਾਹ 55:7 ਦੁਸ਼ਟ ਆਪਣੇ **ਰਾਹ** ਨੂੰ **ਤਿਆਗੇ**, ਅਤੇ ਬੁਰਿਆਰ ਆਪਣੇ **ਖਿਆਲਾਂ** ਨੂੰ, ਉਹ ਯਹੋਵਾਹ ਵੱਲ **ਮੁੜੇ** ਅਤੇ ਉਹ ਉਸ ਤੇ **ਰਹਮ** ਕਰੇਗਾ, ਅਤੇ ਸਾਡੇ ਪਰਮੇਸ਼ੁਰ ਵੱਲ ਜੋ **ਅੱਤ ਦਿਆਲੂ** ਹੈ,

- ਖੁਦ ਨੂੰ ਜਾਚਣਾ ਇਹ ਪਛਾਣਨਾ ਹੈ: ਭਈ ਮੇਰੇ ਅੰਦਰ ਅਰਥਾਤ **ਮੇਰੇ ਸਰੀਰ ਦੇ ਅੰਦਰ** ਕੋਈ ਭਲੀ ਗੱਲ ਹੈ ਨਹੀਂ। ਰੋਮੀਆਂ 7:18

- ਖੁਦ ਨੂੰ ਜਾਚਣਾ ਇਹ ਪਛਾਣਨਾ ਹੈ ਕਿ **ਮੈਂ** ਖੁਦ ਨੂੰ ਪਹਿਲ ਦਿੰਦਾ ਹਾਂ ਅਤੇ **ਖੁਦ** ਆਪਣੀ ਸਲੀਬ ਉਠਾਉਣ ਅਤੇ ਯਿਸੂ ਦੇ ਮਗਰ ਚੱਲਣ ਦੁਆਰਾ **ਮਰਨਾ ਚਾਹੀਦਾ ਹੈ।**
ਉਸ ਨੇ ਸਭਨਾਂ ਨੂੰ ਆਖਿਆ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ **ਆਪਣੇ ਆਪ ਦਾ ਇਨਕਾਰ ਕਰੇ** ਅਤੇ ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ। ਲੂਕਾ 9:23

- ਖੁਦ ਨੂੰ ਜਾਚਣਾ **ਖੁਦ ਦੇ ਜੀਵਨ** ਨੂੰ ਮਸੀਹ ਦੇ ਜੀਵਨ ਦੇ ਨਾਲ ਬਦਲਣਾ ਹੈ। ਮਸੀਹ ਵਿਸ਼ਵਾਸੀ ਦਾ ਜੀਵਨ ਹੈ। ਗਲਾਤੀਆਂ 2:20 ਮਸੀਹ ਮੇਰੇ ਵਿੱਚ ਜੀਉਂਦਾ ਹੈ
ਕੁਲੁੱਸੀਆਂ 3:4 ਮਸੀਹ ਜੋ ਸਾਡਾ ਜੀਵਨ ਹੈ

- ਖੁਦ ਨੂੰ ਜਾਚਣਾ ਅੱਗੇ ਤੋਂ **ਸਵੈ-ਜਾਗਰੂਕ** ਨਾ ਰਹਿਣਾ ਹੈ ਪਰ ਮਸੀਹ ਦੇ ਲਈ ਜਾਗਰੂਕ ਬਣਨਾ ਅਤੇ ਲਗਾਤਾਰ ਉਸ ਦੀ ਹਜ਼ੂਰੀ ਦੇ ਲਈ ਜਾਗਰੂਕ ਰਹਿਣਾ ਹੈ।
ਮੱਤੀ 28:20 ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।
ਇਬਰਾਨੀਆਂ 13:5 ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ।

- ਖੁਦ ਨੂੰ ਜਾਚਣਾ ਅੱਗੇ ਤੋਂ **ਖੁਦ ਦੇ ਵੱਸ ਵਿੱਚ** ਨਾ ਰਹਿਣਾ ਹੈ, ਸਗੋਂ ਮਸੀਹ ਦੇ ਵੱਸ ਦੇ ਵਿੱਚ ਹੋਣਾ ਹੈ।ਲੂਕਾ 6:46 ਤੁਸੀਂ ਮੈਨੂੰ ਪ੍ਰਭੁ, ਪ੍ਰਭੁ ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?

- ਖੁਦ ਨੂੰ ਜਾਚਣਾ ਅੱਗੇ ਤੋਂ **ਖੁਦ ਨੂੰ ਪਹਿਲ** ਦੇ ਕੇ ਨਾ ਜੀਉਣਾ ਹੈ, ਸਗੋਂ **ਦੂਸਰਿਆਂ ਨੂੰ** ਆਪਣੇ ਨਾਲੋਂ ਬੇਹਤਰ ਜਾਣ ਕੇ **ਆਦਰ ਦੇਣਾ ਹੈ।** ਫਿਲਿੱਪੀਆਂ 2:3 **ਧੜੇ ਬਾਜ਼ੀਆਂ ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ** ਸਗੋਂ ਤੁਸੀਂ ਅਧੀਨਗੀ ਨਾਲ ਇੱਕ ਦੂਏ ਨੂੰ ਆਪਣੇ ਆਪ ਤੋਂ **ਉੱਤਮ** ਜਾਣੋ।

- **ਸਾਨੂੰ ਆਪਣੇ ਆਪ ਨੂੰ ਜਾਚਣਾ ਚਾਹੀਦਾ ਹੈ ਦੂਸਰਿਆਂ ਨੂੰ ਨਹੀਂ।**

ਯੂਹੰਨਾ 8:7 ਜਾਂ ਓਹ ਉਸ ਤੋਂ ਪੁੱਛੀ ਗਏ ਤਾਂ ਉਹ ਨੇ ਸਿੱਧੇ ਹੋ ਕੇ ਉਨ੍ਹਾਂ ਨੂੰ ਆਖਿਆ ਕਿ ਜਿਹੜਾ ਤੁਹਾਡੇ ਵਿੱਚੋਂ **ਨਿਰਦੋਖ** ਹੋਵੇ ਉਹ ਪਹਿਲਾਂ ਉਸ ਨੂੰ ਪੱਥਰ ਮਾਰੇ।

ਮੱਤੀ 7:1-5 **ਦੋਸ਼ ਨਾ ਲਾਓ ਤਾਂ ਜੋ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਏ।** (2) ਕਿਉਂਕਿ ਜਿਸ ਨਿਆਉਂ ਨਾਲ ਤੁਸੀਂ ਦੋਸ਼ ਲਾਉਂਦੇ ਹੋ ਉਸੇ ਨਾਲ ਤੁਹਾਡੇ ਉੱਤੇ ਵੀ ਦੋਸ਼ ਲਾਇਆ ਜਾਵੇਗਾ ਅਤੇ ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮਿਣਿਆ ਜਾਵੇਗਾ। (3) ਅਤੇ ਤੂੰ ਉਸ ਕੱਖ ਨੂੰ ਜਿਹੜਾ ਤੇਰੇ ਭਾਈ ਦੀ ਅੱਖ ਵਿੱਚ ਹੈ ਕਿਉਂ ਵੇਖਦਾ ਹੈਂ ਪਰ ਉਸ ਸ਼ਤੀਰ ਦੀ ਵੱਲ ਜੋ ਤੇਰੀ ਆਪਣੀ ਅੱਖ ਵਿੱਚ ਹੈ ਧਿਆਨ ਨਹੀਂ ਕਰਦਾ? (4) ਅਥਵਾ ਕਿੱਕੁਰ ਤੂੰ ਆਪਣੇ ਭਾਈ ਨੂੰ ਆਖੇਂਗਾ, ਲਿਆ ਤੇਰੀ ਅੱਖ ਵਿੱਚੋਂ ਕੱਖ ਕੱਢ ਸੁੱਟਾਂ ਅਤੇ ਵੇਖ ਤੇਰੀ ਆਪਣੀ ਅੱਖ ਵਿੱਚ ਸ਼ਤੀਰ ਹੈ! (5) ਹੇ ਕਪਟੀ ਪਹਿਲਾਂ ਉਸ ਸ਼ਤੀਰ ਨੂੰ ਆਪਣੀ ਅੱਖੋਂ ਕੱਢ ਤਾਂ ਚੰਗੀ ਤਰਾਂ ਵੇਖ ਕੇ ਤੂੰ ਉਸ ਕੱਖ ਨੂੰ ਆਪਣੇ ਭਾਈ ਦੀ ਅੱਖੋਂ ਕੱਢ ਸੱਕੇਂਗਾ।

ਰੋਮੀਆਂ 14:4 **ਤੂੰ** ਪਰਾਏ ਟਹਿਲੂਏ ਉੱਤੇ **ਦੋਸ਼ ਲਾਉਣ ਵਾਲਾ ਕੌਣ ਹੁੰਦਾ ਹੈਂ?** ਉਹ ਤਾਂ ਆਪਣੇ ਹੀ ਮਾਲਕ ਦੇ ਅੱਗੇ ਖਲ੍ਹਿਆਰਿਆ ਰਹਿੰਦਾ ਅਥਵਾ ਡਿੱਗ ਪੈਂਦਾ ਹੈ ਪਰ ਉਹ ਖਲ੍ਹਿਆਰਿਆ ਰਹੇਗਾ ਕਿਉਂ ਜੋ ਪ੍ਰਭੂ ਉਹ ਦੇ ਖਲ੍ਹਿਆਰਨ ਨੂੰ ਸਮਰਥ ਹੈ। . . . (10) ਪਰ ਤੂੰ ਆਪਣੇ ਭਰਾ ਉੱਤੇ **ਕਾਹਨੂੰ ਦੋਸ਼ ਲਾਉਂਦਾ ਹੈਂ** ਅਥਵਾ ਫੇਰ ਤੂੰ ਆਪਣੇ ਭਰਾ ਨੂੰ ਕਿਉਂ ਤੁੱਛ ਜਾਣਦਾ ਹੈਂ? ਕਿਉਂ ਜੋ **ਅਸੀਂ ਸੱਭੇ ਪਰਮੇਸ਼ੁਰ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਖੜੇ ਹੋਵਾਂਗੇ।**

## ⅲ. ਵਿਸ਼ਵਾਸੀ ਦੇ ਕੰਮਾਂ ਦਾ ਨਿਆਂ

2 ਕੁਰਿੰਥੀਆਂ 5:10 ਕਿਉਂ ਜੋ ਅਸਾਂ ਸਭਨਾਂ ਨੇ **ਮਸੀਹ ਦੇ ਨਿਆਉਂ ਦੇ ਸਿੰਘਾਸਣ** ਦੇ ਅੱਗੇ **ਪਰਗਟ** ਹੋਣਾ ਹੈ ਭਈ ਹਰੇਕ ਜੋ ਕੁਝ **ਉਸ ਨੇ** ਦੇਹੀ ਵਿੱਚ **ਕੀਤਾ** ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ।

ਵਿਸ਼ਵਾਸੀ ਦੇ ਕੰਮ ਦਾ – ਹਰੇਕ ਚੀਜ਼ ਜੋ ਅਸੀਂ ਕੀਤੀ ਹੈ – **"ਮਸੀਹ ਦੇ ਨਿਆਂ ਦੇ ਸਿੰਘਾਸਣ"** ਦੇ ਅੱਗੇ ਨਿਆਂ ਕੀਤਾ ਜਾਵੇਗਾ। ਪੰਕਤੀ *"ਮਸੀਹ ਦਾ ਨਿਆਂ ਦਾ ਸਿੰਘਾਸਣ"* ਬਾਈਬਲ ਦੇ ਵਿੱਚ ਕੇਵਲ ਦੋ ਵਾਰੀ ਪਾਈ ਗਈ ਹੈ; ਪਰ ਬਹੁਤ ਵਾਰ ਇਸ ਦਾ ਹਵਾਲਾ ਦਿੱਤਾ ਗਿਆ ਹੈ।

ਵਿਸ਼ੇ ਨੂੰ ਧਿਆਨ ਨਾਲ ਪੜ੍ਹਣ 'ਤੇ ਪਰਗਟ ਹੁੰਦਾ ਹੈ ਕਿ **ਕੇਵਲ ਵਿਸ਼ਵਾਸੀ** ਹੀ *"ਮਸੀਹ ਦੇ ਨਿਆਂ ਦੇ ਸਿੰਘਾਸਣ"* ਦੇ ਅੱਗੇ ਪਰਗਟ ਹੋਣਗੇ। ਸਾਡੇ **ਕੰਮਾਂ** ਦਾ ਨਿਆਂ ਕੀਤਾ ਜਾਵੇਗਾ, **ਨਾ ਕਿ ਸਾਡੇ ਪਾਪਾਂ ਦਾ**, ਕਿਉਂਕਿ ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ ਵਿਸ਼ਵਾਸੀ ਦੇ ਪਾਪਾਂ ਦਾ ਨਿਆਂ ਮਸੀਹ ਦੇ ਵਿੱਚ ਸਲੀਬ ਉੱਤੇ ਕੀਤਾ ਗਿਆ ਸੀ ਅਤੇ ਸੋ **ਹੁਣ** ਓਹਨਾਂ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ **ਸਜ਼ਾ** (ਵਿਰੋਧ ਵਿੱਚ ਨਿਆਂ, ਸਜ਼ਾ) ਦਾ ਹੁਕਮ **ਨਹੀਂ ਹੈ।** ਰੋਮੀਆਂ 8:1

ਇਸ ਨਿਆਂ ਦੇ **ਹੋਣ** ਦਾ ਸਹੀ ਸਮਾਂ ਸਪਸ਼ਟ ਨਹੀਂ ਹੈ। ਇਹ ਜਾਂ ਤਾਂ ਉਦੋਂ ਹੋ ਸਕਦਾ ਹੈ ਜਦੋਂ ਅਸੀਂ ਸਰੀਰ ਦੀ ਮੌਤ ਦੇ ਨਾਲ ਇਸ ਸੰਸਾਰ ਤੋਂ ਜਾਂਦੇ ਹਾਂ ਜਾਂ ਇਹ ਉਦੋਂ ਹੋ ਸਕਦਾ ਹੈ ਜਦੋਂ ਕਲੀਸਿਯਾ "ਉਠਾਈ" ਜਾਵੇਗੀ (1 ਥੱਸਲੁਨੀਕੀਆਂ 4:13–18)

- **"ਮਸੀਹ ਦੇ ਨਿਆਂ ਦੇ ਸਿੰਘਾਸਣ"** ਦੇ ਅੱਗੇ ਵਿਸ਼ਵਾਸੀ ਆਪਣਾ ਲੇਖਾ ਪਰਮੇਸ਼ੁਰ ਨੂੰ ਦੇਵੇਗਾ। ਇਸ ਲਈ ਸਾਨੂੰ ਆਪਣੇ ਖੁਦ ਦੇ ਕੰਮਾਂ ਨੂੰ ਵੇਖਣਾ ਚਾਹੀਦਾ ਹੈ ਅਤੇ ਦੂਸਰਿਆਂ ਦੇ ਕੰਮਾਂ ਨੂੰ ਜਾਚਣਾ ਨਹੀਂ ਚਾਹੀਦਾ।

  ਰੋਮੀਆਂ 14:10 ਪਰ ਤੂੰ ਆਪਣੇ ਭਰਾ ਉੱਤੇ **ਕਾਹਨੂੰ** ਦੋਸ਼ ਲਾਉਂਦਾ ਹੈਂ ਅਥਵਾ ਫੇਰ ਤੂੰ ਆਪਣੇ ਭਰਾ ਨੂੰ **ਕਿਉਂ**

ਤੁੱਛ ਜਾਣਦਾ ਹੈਂ? ਕਿਉਂ ਜੋ **ਅਸੀਂ ਸੱਭੇ ਪਰਮੇਸ਼ੁਰ ਦੇ ਨਿਆਉਂ ਦੇ ਸਿੰਘਾਸਣ** ਦੇ ਅੱਗੇ ਖੜੇ ਹੋਵਾਂਗੇ। . . .
(12) ਸੋ ਸਾਡੇ ਵਿੱਚੋਂ ਹਰੇਕ ਨੇ **ਪਰਮੇਸ਼ੁਰ ਨੂੰ ਆਪੋ ਆਪਣਾ ਲੇਖਾ ਦੇਣਾ ਹੈ।**

1 ਕੁਰਿੰਥੀਆਂ 4:5 ਇਸ ਲਈ ਜਿੰਨਾ ਚਿਰ ਪ੍ਰਭੂ **ਨਾ** ਆਵੇ ਤੁਸੀਂ ਸਮੇਂ ਤੋਂ ਪਹਿਲਾਂ ਕਿਸੇ ਗੱਲ ਦਾ **ਨਬੇੜਾ ਨਾ ਕਰੋ। ਉਹ** ਤਾਂ **ਅਨ੍ਹੇਰੇ ਦੀਆਂ ਗੁਪਤ ਗੱਲਾਂ ਨੂੰ ਪਰਕਾਸ਼ ਕਰੇਗਾ** ਅਤੇ **ਮਨ ਦੀਆਂ ਦਲੀਲਾਂ ਨੂੰ ਪਰਗਟ ਕਰੇਗਾ** ਅਤੇ ਉਸ ਵੇਲੇ ਹਰ ਕਿਸੇ ਨੂੰ ਪਰਮੇਸ਼ੁਰ ਦੀ ਵੱਲੋਂ ਵਡਿਆਈ ਮਿਲੇਗੀ।

**ਹੇ ਪਰਮੇਸ਼ੁਰ!** ਨਾ ਸਾਡੇ ਕੇਵਲ ਕੰਮ ਹੀ ਪਰਗਟ ਕੀਤੇ ਜਾਣਗੇ ਸਗੋਂ ਸਾਡੇ ਇਰਾਦੇ, ਜੋ ਅਸੀਂ ਕਰਦੇ ਹਾਂ ਉਸ ਦੀ ਸੱਚੀ ਵਜ੍ਹਾ ਪਰਗਟ ਕੀਤੀ ਜਾਵੇਗੀ। ਪਰਮੇਸ਼ੁਰ ਕੇਵਲ ਉਸ ਦੇ ਬਾਰੇ ਚਿੰਤਤ ਨਹੀਂ ਹੈ ਜੋ ਅਸੀਂ ਕਰਦੇ ਹਾਂ, ਸਗੋਂ ਇਸ ਦੇ ਬਾਰੇ ਵੀ ਚਿੰਤਤ ਹੈ ਕਿ ਅਸੀਂ ਕਿਉਂ ਕਰਦੇ ਹਾਂ। ਸੁਆਰਥ ਜਾਂ ਬੁਰੇ ਕਾਰਨ ਲਈ ਕੀਤੇ ਗਏ ਇੱਕ "ਚੰਗੇ ਕੰਮ" ਦੀ ਮੇਰੇ ਲਈ ਕੋਈ ਕੀਮਤ ਨਹੀਂ ਹੈ।

- ਇਹ ਜਾਣਨਾ ਕਿ ਇੱਕ ਦਿਨ ਅਸੀਂ ਸਾਡੇ **ਸਾਰੇ** ਕੰਮਾਂ ਦਾ ਸਾਹਮਣਾ ਕਰਾਂਗੇ ਭਾਵੇਂ "ਚੰਗਾ ਹੋਵੇ ਜਾਂ ਬੁਰਾ" ਅਤੇ "ਬੋਲੇ ਗਏ **ਹਰੇਕ ਵਿਅਰਥ ਬਚਨ** ਦਾ ਹਿਸਾਬ ਦੇਵਾਂਗਾ", ਆਪਣੇ ਮਨਾਂ ਦੇ ਵਿੱਚ **ਭੈ ਰੱਖਣ** ਦੀ ਲੋੜ ਬਾਰੇ ਜਾਗਰੂਕ ਕਰਦਾ ਹੈ। ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਮਨੁੱਖ **ਹਰੇਕ ਅਕਾਰਥ ਗੱਲ** ਜੋ ਬੋਲਣ ਨਿਆਉਂ ਦੇ **ਦਿਨ ਉਹ ਦਾ ਹਿਸਾਬ ਦੇਣਗੇ।** ਮੱਤੀ 12:36

- ਕੁਝ ਸ਼ਰਮਿੰਦੇ ਹੋਣਗੇ। 1 ਯੂਹੰਨਾ 2:28 ਅਤੇ ਹੁਣ ਹੇ ਬੱਚਿਓ, ਤੁਸੀਂ ਉਹ ਦੇ ਵਿੱਚ ਕਾਇਮ ਰਹੋ ਭਈ ਜਦ ਉਹ ਪਰਗਟ ਹੋਵੇ ਤਾਂ ਸਾਨੂੰ ਦਿਲੇਰੀ ਹੋਵੇ ਅਤੇ ਉਹ ਦੇ ਆਉਣ ਦੇ ਵੇਲੇ ਅਸੀਂ ਉਹ ਦੇ ਅੱਗੇ ਲੱਜਿਆਵਾਨ ਨਾ ਹੋਈਏ।

- ਕੁਝ ਨੁਕਸਾਨ ਨੂੰ ਝੱਲਣਗੇ, **ਮੁਕਤੀ ਦਾ ਨੁਕਸਾਨ ਨਹੀਂ** ਪਰ **ਫਲ ਦਾ ਨੁਕਸਾਨ**। 1 ਕੁਰਿੰਥੀਆਂ 3:11-15
ਕਿਉਂ ਜੋ ਉਸ ਨੀਂਹ ਤੋਂ ਬਿਨਾ ਜੋ ਰੱਖੀ ਹੋਈ ਹੈ ਦੂਜੀ ਕੋਈ ਨਹੀਂ ਰੱਖ ਸੱਕਦਾ ਅਰ ਉਹ ਯਿਸੂ ਮਸੀਹ ਹੈ।
(12) ਪਰ ਜੇ ਕੋਈ ਇਹ ਨੀਂਹ ਉੱਤੇ ਸੋਨੇ, ਚਾਂਦੀ, ਬਹੁਮੁੱਲੇ ਪੱਥਰਾਂ, ਲੱਕੜਾਂ, ਘਾਹ ਅਤੇ ਭੋ ਦੀ ਉਸਾਰੀ
ਕਰੇ। (13) **ਤਾਂ ਹਰੇਕ ਦਾ ਕੰਮ ਪਰਗਟ ਹੋਵੇਗਾ** ਕਿਉਂ ਜੋ ਉਹ ਦਿਨ ਉਸ ਨੂੰ ਉਘਾੜ ਦੇਵੇਗਾ ਇਸ ਲਈ ਜੋ
ਉਹ ਅੱਗ ਨਾਲ ਪਰਕਾਸ਼ ਹੁੰਦਾ ਹੈ ਅਤੇ ਅੱਗ ਆਪੇ ਹਰੇਕ ਦਾ ਕੰਮ ਪਰਖ ਦੇਵੇਗੀ ਭਈ ਉਹ ਕਿਸ **ਪਰਕਾਰ**
ਦਾ ਹੈ। (14) ਜੇ ਕਿਸੇ ਦਾ ਕੰਮ ਜਿਹੜਾ ਉਹ ਨੇ ਬਣਾਇਆ ਸੀ ਟਿਕਿਆ ਰਹੇਗਾ ਤਾਂ ਉਹ ਨੂੰ **ਬਦਲਾ**
**ਮਿਲੇਗਾ।** (15) ਜੇ ਕਿਸੇ ਦਾ ਕੰਮ ਸੜ ਜਾਵੇ ਤਾਂ **ਉਹ ਦੀ ਹਾਨੀ ਹੋ ਜਾਵੇਗੀ** ਪਰੰਤੂ **ਉਹ ਆਪ ਤਾਂ ਬਚ**
**ਜਾਵੇਗਾ** ਪਰ ਸੜਦਿਆਂ ਸੜਦਿਆਂ।

- ਅਸੀਂ ਆਪਣੇ ਜੀਵਨਾਂ ਨੂੰ ਕਿਵੇਂ ਜੀਉਣਾ ਹੈ? ਤੁਸੀਂ ਇਉਂ **ਬੋਲੋ** ਅਤੇ ਇਉਂ **ਕੰਮ ਕਰੋ** ਜਿਵੇਂ ਓਹ ਜਿਨ੍ਹਾਂ ਦਾ **ਨਿਆਉਂ** ਅਜ਼ਾਦੀ ਦੀ ਸ਼ਰਾ ਨਾਲ ਹੋਣਾ ਹੈ। ਯਾਕੂਬ 2:12

ਯਾਕੂਬ 5:9 ਹੇ ਭਰਾਵੋ, ਇੱਕ ਦੂਏ ਦੇ ਵਿਰੁੱਧ **ਬੁੜ ਬੁੜ** ਨਾ ਕਰੋ ਭਈ ਤੁਸੀਂ **ਦੋਸ਼ੀ ਨਾ ਠਹਿਰਾਏ ਜਾਓ।** ਵੇਖੋ, **ਨਿਆਈ** ਬੂਹੇ ਉੱਤੇ ਖਲੋਤਾ ਹੈ!

- ਇਸ ਲਈ ਜੋ ਵੀ ਤੁਸੀਂ ਕਰਦੇ ਹੋ ਉਹ ਪਰਮੇਸ਼ੁਰ ਦੀ ਮਹਿਮਾ ਦੇ ਲਈ ਕਰੋ। ਕੁਲੁੱਸੀਆਂ 3:17 ਅਤੇ ਸਭ ਜੋ ਕੁਝ ਤੁਸੀਂ ਕਰੋ ਭਾਵੇਂ **ਬਚਨ** ਭਾਵੇਂ **ਕਰਮ** ਸੱਭੋ ਹੀ ਪ੍ਰਭੁ ਯਿਸੂ ਦੇ ਨਾਮ ਉੱਤੇ ਕਰੋ ਅਰ ਉਹ ਦੇ ਰਾਹੀਂ ਪਿਤਾ ਪਰਮੇਸ਼ੁਰ ਦਾ ਧੰਨਵਾਦ ਕਰੋ।

## ੀੜ. ਵੱਡਾ ਚਿੱਟਾ ਸਿੰਘਾਸਣ ਦੁਸ਼ਟਾਂ ਦੇ ਨਿਆਂ ਲਈ ਹੈ

2 ਥੱਸਲੁਨੀਕੀਆਂ 2:8-12 ਤਦ ਉਹ ਕੁਧਰਮੀ ਪਰਗਟ ਹੋਵੇਗਾ . . . (9) ਉਸ ਕੁਧਰਮੀ ਦਾ ਆਉਣਾ ਸ਼ਤਾਨ ਦੇ ਅਮਲ ਅਨੁਸਾਰ . . . **ਜਿਹੜੇ ਨਾਸ ਹੋ ਰਹੇ ਹਨ ਕੁਧਰਮ** ਦੇ ਹਰ ਪਰਕਾਰ ਦੇ ਛਲ ਨਾਲ, **ਇਸ ਕਾਰਨ ਜੋ ਓਹਨਾਂ ਨੇ ਸਚਿਆਈ ਦੇ ਪ੍ਰੇਮ ਨੂੰ ਕਬੂਲ ਨਾ ਕੀਤਾ ਜਿਸ ਤੋਂ ਓਹਨਾਂ ਦੀ ਮੁਕਤੀ ਹੋ ਜਾਂਦੀ।** (11) . . . ਉਹ ਝੂਠ ਨੂੰ ਸੱਚ ਮੰਨਣ। (12) ਤਾਂ ਜੋ **ਓਹ ਸੱਭੇ ਦੋਸ਼ੀ ਠਹਿਰਨ** ਜਿਨ੍ਹਾਂ **ਸੱਚ ਨੂੰ ਨਾ ਮੰਨਿਆ** ਸਗੋਂ **ਕੁਧਰਮ ਉੱਤੇ ਪਰਸੰਨ ਰਹੇ।**

ਯੂਹੰਨਾ 12:48 ਜਿਹੜਾ **ਮੈਨੂੰ ਰੱਦ ਕਰਦਾ ਹੈ** ਅਤੇ **ਮੇਰੀਆਂ ਗੱਲਾਂ ਨਹੀਂ ਕਬੂਲਦਾ**, ਉਹ ਨੂੰ ਇੱਕ ਦੋਸ਼ੀ ਠਹਿਰਾਉਂਦਾ ਹੈ। **ਜਿਹੜਾ ਬਚਨ ਮੈਂ ਕਿਹਾ** ਓਹੀਓ ਅੰਤ ਦੇ ਦਿਨ **ਉਸ ਨੂੰ ਦੋਸ਼ੀ ਠਹਿਰਾਵੇਗਾ।**

**ਰਸੂਲ ਪਤਰਸ ਨੇ ਅਕਸਰ ਇਸ ਸਜ਼ਾ ਦੇ ਬਾਰੇ ਗੱਲ ਕੀਤੀ।**

2 ਪਤਰਸ 2:4 ਕਿਉਂਕਿ ਜਦੋਂ ਪਰਮੇਸ਼ੁਰ ਨੇ ਦੂਤਾਂ ਨੂੰ ਜਿਸ ਵੇਲੇ ਉਨ੍ਹਾਂ ਪਾਪ ਕੀਤਾ ਨਾ ਛੱਡਿਆ ਸਗੋਂ ਓਹਨਾਂ ਨੂੰ **ਨਰਕ** ਵਿੱਚ ਸੁੱਟ ਕੇ **ਅੰਧਕੂਪਾਂ** ਵਿੱਚ ਪਾ ਦਿੱਤਾ ਭਈ **ਨਿਆਉਂ** ਦੇ ਲਈ ਕਾਬੂ ਰਹਿਣ।

2:9 ਤਾਂ ਪ੍ਰਭੁ **ਭਗਤਾਂ ਨੂੰ** ਪਰਤਾਵੇ ਵਿੱਚੋਂ **ਕੱਢਣਾ** ਅਤੇ **ਕੁਧਰਮੀਆਂ ਨੂੰ ਨਿਆਉਂ ਦੇ ਦਿਨ ਤੀਕ ਸਜ਼ਾ ਹੇਠ ਰੱਖਣਾ ਜਾਣਦਾ ਹੈ!**

2:17 ਓਹ ਸੁੱਕੇ ਖੂਹ ਹਨ। ਓਹ ਅਨ੍ਹੇਰੀ ਦੇ ਉਡਾਏ ਹੋਏ ਬੱਦਲ ਹਨ ਜਿਨ੍ਹਾਂ ਲਈ **ਅਨ੍ਹੇਰ ਘੁੱਪ ਰੱਖਿਆ ਹੋਇਆ ਹੈ।**

3:7 ਪਰ ਅਕਾਸ਼ ਅਤੇ ਧਰਤੀ ਜਿਹੜੇ ਹੁਣ ਹਨ **ਸਾੜੇ ਜਾਣ ਲਈ** ਓਸੇ ਬਚਨ ਨਾਲ **ਰੱਖ ਛੱਡੇ ਹੋਏ ਹਨ** ਅਤੇ ਭਗਤੀਹੀਣ ਮਨੁੱਖਾਂ ਦੇ **ਨਿਆਉਂ ਅਤੇ ਨਾਸ ਹੋਣ ਦੇ ਦਿਨ** ਤੀਕ ਸਾਂਭੇ ਰਹਿਣਗੇ।

3:10-15 ਪਰੰਤੂ **ਪ੍ਰਭੂ ਦਾ ਦਿਨ** ਚੋਰ ਵਾਂਙੁ ਆਵੇਗਾ ਜਿਹ ਦੇ ਵਿੱਚ **ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ** ਅਤੇ ਮੂਲ ਵਸਤਾਂ **ਵੱਡੇ ਤਾਉ ਨਾਲ** ਤਪ ਕੇ ਢਲ ਜਾਣਗੀਆਂ ਅਤੇ **ਧਰਤੀ** ਉਨ੍ਹਾਂ ਕਾਰਾਗਰੀਆਂ ਸਣੇ ਜੋ ਉਸ ਵਿੱਚ ਹਨ **ਜਲ ਬਲ ਜਾਵੇਗੀ।** (11) ਜਦੋਂ ਏਹ ਸੱਭੇ ਵਸਤਾਂ ਇਉਂ **ਢਲ ਜਾਣ ਵਾਲੀਆਂ ਹਨ** ਤਾਂ ਤੁਹਾਨੂੰ ਹਰ ਪਰਕਾਰ ਦੇ ਪਵਿੱਤਰ ਚਲਣ ਵਿੱਚ ਅਤੇ **ਭਗਤੀ ਵਿੱਚ ਕੇਹੋ ਜੇਹੇ ਹੋਣਾ ਚਾਹੀਦਾ ਹੈ?** (12) ਅਤੇ **ਪਰਮੇਸ਼ੁਰ ਦੇ ਉਸ ਦਿਨ** ਦੇ ਆਉਣ ਨੂੰ ਉਡੀਕਦੇ ਅਤੇ ਲੋਚਦੇ ਰਹੋ ਜਿਹ ਦੇ ਕਾਰਨ **ਅਕਾਸ਼ ਬਲ ਕੇ ਢਲ ਜਾਣਗੇ** ਅਤੇ **ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਪੱਘਰ ਜਾਣਗੀਆ।** (13) ਪਰ **ਉਹ ਦੇ ਬਚਨ ਦੇ** ਅਨੁਸਾਰ **ਅਸੀਂ** ਨਵੇਂ ਅਕਾਸ਼ ਅਤੇ ਨਵੀਂ ਧਰਤੀ ਦੀ ਉਡੀਕ ਕਰਦੇ ਹਾਂ ਜਿਨ੍ਹਾਂ ਵਿੱਚ ਧਰਮ ਵੱਸਦਾ ਹੈ। (14) ਇਸ ਲਈ ਹੇ ਪਿਆਰਿਓ, ਜਦੋਂ **ਤੁਸੀਂ ਇਨ੍ਹਾਂ ਗੱਲਾਂ ਦੀ ਉਡੀਕ ਕਰਦੇ ਹੋ** ਤਾਂ **ਜਤਨ ਕਰੋ** ਭਈ ਤੁਸੀਂ ਸ਼ਾਂਤੀ ਨਾਲ ਉਹ ਦੇ ਅੱਗੇ **ਨਿਰਮਲ ਅਤੇ ਨਿਹਕਲੰਕ** ਠਹਿਰੋ।

ਰਸੂਲ ਯੂਹੰਨਾ ਨੇ ਪਾਤਮੁਸ ਟਾਪੂ ਉੱਤੇ ਹੁੰਦੇ ਹੋਏ ਪ੍ਰਕਾਸ਼ਣ ਦੇ ਵਿੱਚ ਪਹਿਲਾਂ ਹੀ ਇਸ ਨਿਆਂ ਨੂੰ ਵੇਖਿਆ। ਪਰਕਾਸ਼ ਦੀ ਪੋਥੀ 20:11-15

ਫੇਰ ਮੈਂ ਇੱਕ **ਵੱਡਾ ਅਤੇ ਚਿੱਟਾ ਸਿੰਘਾਸਣ** ਅਤੇ ਉਹ ਨੂੰ ਜਿਹੜਾ ਓਸ ਉੱਤੇ ਬਿਰਾਜਮਾਨ ਸੀ ਵੇਖਿਆ ਜਿਹ ਦੇ ਸਾਹਮਣਿਓਂ ਧਰਤੀ ਅਤੇ ਅਕਾਸ਼ ਨੱਸ ਗਏ ਅਤੇ ਓਹਨਾਂ ਦੇ ਲਈ ਕੋਈ ਥਾਂ ਨਾ ਮਿਲਿਆ। (12) ਅਤੇ ਮੈਂ **ਮੁਰਦਿਆਂ** ਨੂੰ ਕੀ ਵੱਡੇ ਕੀ ਛੋਟੇ ਸਿੰਘਾਸਣ ਦੇ ਅੱਗੇ ਖਲੋਤਿਆਂ ਵੇਖਿਆ, ਅਤੇ **ਪੋਥੀਆਂ** ਖੋਲ੍ਹੀਆਂ ਗਈਆਂ ਅਤੇ ਇੱਕ ਹੋਰ ਪੋਥੀ ਜਿਹੜੀ **ਜੀਵਨ ਦੀ ਪੋਥੀ** ਹੈ ਖੋਲ੍ਹੀ ਗਈ ਅਤੇ **ਮੁਰਦਿਆਂ ਦਾ ਨਿਆਉਂ** ਪੋਥੀਆਂ ਵਿੱਚ ਲਿਖੀਆਂ ਹੋਇਆਂ ਗੱਲਾਂ ਤੋਂ ਉਨ੍ਹਾਂ ਦੀਆਂ **ਕਰਨੀਆਂ** ਦੇ ਅਨੁਸਾਰ ਕੀਤਾ ਗਿਆ। (13) ਅਤੇ ਸਮੁੰਦਰ ਨੇ ਓਹ ਮੁਰਦੇ ਜਿਹੜੇ ਉਹ ਦੇ ਵਿੱਚ ਸਨ ਮੋੜ ਦਿੱਤੇ ਅਤੇ ਕਾਲ ਅਤੇ ਪਤਾਲ ਨੇ ਓਹ ਮੁਰਦੇ ਜਿਹੜੇ ਓਹਨਾਂ ਵਿੱਚ ਸਨ ਮੋੜ ਦਿੱਤੇ, ਅਤੇ ਹਰੇਕ ਦਾ **ਨਿਆਉਂ** ਉਹ ਦੀਆਂ **ਕਰਨੀਆਂ** ਦੇ ਅਨੁਸਾਰ **ਕੀਤਾ ਗਿਆ।** (14) ਤਾਂ ਕਾਲ ਅਤੇ ਪਤਾਲ **ਅੱਗ ਦੀ ਝੀਲ** ਵਿੱਚ ਸੁੱਟੇ ਗਏ। ਇਹ **ਦੂਈ ਮੌਤ ਹੈ ਅਰਥਾਤ ਅੱਗ ਦੀ ਝੀਲ।** (15) ਅਤੇ ਜੇ **ਕੋਈ ਜੀਵਨ ਦੀ ਪੋਥੀ** ਵਿੱਚ ਲਿਖਿਆ ਹੋਇਆ ਨਾ ਲੱਭਾ ਤਾਂ ਉਹ ਅੱਗ ਦੀ ਝੀਲ ਵਿੱਚ ਸੁੱਟਿਆ ਗਿਆ।

- ਇਬਰਾਨੀਆਂ 9:27 ਅਤੇ ਜਿਵੇਂ ਮਨੁੱਖਾਂ ਲਈ **ਇੱਕ ਵਾਰ ਮਰਨਾ ਠਹਿਰਾਇਆ ਹੋਇਆ ਹੈ** ਅਤੇ ਉਹ ਦੇ ਪਿੱਛੋਂ ਨਿਆਉਂ ਹੁੰਦਾ ਹੈ। ਜੇਕਰ ਕਿਸੇ ਦਾ ਨਾਮ **ਜੀਵਨ ਦੀ ਪੋਥੀ** ਦੇ ਵਿੱਚ ਲਿਖਿਆ ਹੋਇਆ ਨਹੀਂ ਮਿਲਿਆ ਤਾਂ ਉਹ **ਦੂਈ ਮੌਤ** ਮਰੇਗਾ। ਮੌਤ ਜੁਦਾਈ ਹੈ। ਪਹਿਲੀ ਮੌਤ ਸਰੀਰ ਤੋਂ ਜੁਦਾਈ ਹੈ। ਦੂਸਰੀ ਮੌਤ ਸਰਬ ਸ਼ਕਤੀਮਾਨ ਪਰਮੇਸ਼ੁਰ ਦੇ ਨਾਲੋਂ ਜੁਦਾਈ ਹੈ। "ਉਹ ਜੋ ਇੱਕ ਵਾਰ ਜਨਮਿਆ ਹੈ ਉਹ ਦੋ ਵਾਰ ਮਰੇਗਾ ਅਤੇ ਉਹ ਜੋ ਦੋ ਵਾਰ ਜਨਮਿਆ ਹੈ ਉਹ ਇੱਕ ਵਾਰ ਮਰੇਗਾ"।

- ਜਿਹ ਦੇ ਸਾਹਮਣਿਓਂ ਧਰਤੀ ਅਤੇ ਅਕਾਸ਼ ਨੱਸ ਗਏ ਇਸ ਨਿਆਂ ਦੇ ਸਮੇਂ ਦੁਸ਼ਟ **ਮੁਰਦੇ ਨਿਆਈਂ** ਪ੍ਰਭੂ ਯਿਸੂ ਮਸੀਹ ਦੇ ਸਾਹਮਣਿਓਂ ਲੁਕਣ ਦੇ ਲਈ ਜਗ੍ਹਾ ਲੱਭਣਗੇ। ਪਰ ਲੁਕਣ ਲਈ ਕੋਈ ਵੀ ਜਗ੍ਹਾ ਨਹੀਂ ਹੈ।

- ਇਸ ਨਿਆਂ ਦੇ ਸਮੇਂ, **ਮੁਰਦਿਆਂ** ਨੂੰ ਕੀ ਵੱਡੇ ਕੀ ਛੋਟੇ ਪਰਮੇਸ਼ੁਰ ਦੇ ਸਾਹਮਣੇ ਖੜ੍ਹੇ ਹੋਣਗੇ। ਵੱਡੇ ਤੋਂ ਵੱਡੇ ਹੋਣ ਦੀ ਵੀ ਕੋਈ ਕੀਮਤ ਨਹੀਂ ਹੋਵੇਗੀ। ਉਹ ਜਿਹੜੇ ਵਿਸ਼ਵਾਸ ਕਰਦੇ ਹਨ ਅਤੇ ਯਿਸੂ ਮਸੀਹ ਨੂੰ ਗ੍ਰਹਿਣ ਕੀਤਾ ਹੈ **ਉਹ ਮੁਰਦੇ ਨਹੀਂ ਹਨ!**

  ਅਫਸੀਆਂ 2:1-5 ਉਹ ਨੇ ਤੁਹਾਨੂੰ ਵੀ ਜਾਂ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ **ਮੁਰਦੇ ਸਾਓ** ਜਿਵਾਲਿਆ। (2) ਜਿਨ੍ਹਾਂ ਦੇ ਵਿੱਚ ਤੁਸੀਂ ਇਸ ਸੰਸਾਰ ਦੇ ਵਿਹਾਰ ਅਨੁਸਾਰ ਹਵਾਈ ਇਖ਼ਤਿਆਰ ਦੇ ਸਰਦਾਰ ਦੇ ਅਰਥਾਤ ਉਸ ਰੂਹ ਦੇ ਅਨੁਸਾਰ ਅੱਗੇ ਚੱਲਦੇ ਸਾਓ ਜਿਹੜੀ ਹੁਣ ਅਣਆਗਿਆਕਾਰੀ ਦੇ ਪੁੱਤਰਾਂ ਵਿੱਚ ਅਸਰ ਕਰਦੀ ਹੈ (3) ਅਤੇ ਉਨ੍ਹਾਂ ("ਉਨ੍ਹਾਂ ਦੇ" ਨਹੀਂ) ਵਿੱਚ ਅਸੀਂ ਵੀ ਸੱਭੇ ਸਰੀਰ ਅਤੇ ਮਨ ਦੀਆਂ ਚਾਹਵਾਂ ਨੂੰ ਪੂਰੇ ਕਰਦਿਆਂ ਆਪਣੇ ਸਰੀਰ ਦੀਆਂ ਕਾਮਨਾਂ ਵਿੱਚ ਅੱਗੇ ਦਿਨ ਕੱਟਦੇ ਸਾਂ ਅਤੇ ਹੋਰਨਾਂ ਵਾਂਙੁ ਆਪਣੇ ਸੁਭਾਉ ਕਰਕੇ (ਆਦਮ ਤੋਂ ਜਨਮੇ) ਗਜ਼ਬ ਦੇ ਪੁੱਤਰ ਸਾਂ। (4) ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ। (5) ਜਦੋਂ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸਾਂ ਤਦੋਂ **ਸਾਨੂੰ ਮਸੀਹ ਦੇ ਨਾਲ ਜਿਵਾਲਿਆ** (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ)

- ਇਸ ਨਿਆਂ ਦੇ ਸਮੇਂ, **ਮੁਰਦਿਆਂ ਦਾ ਨਿਆਉਂ** ਪੋਥੀਆਂ ਵਿੱਚ ਲਿਖੀਆਂ ਹੋਇਆਂ ਗੱਲਾਂ ਤੋਂ ਉਨ੍ਹਾਂ ਦੀਆਂ **ਕਰਨੀਆਂ** ਦੇ ਅਨੁਸਾਰ ਹੋਵੇਗਾ **ਅਤੇ** ਇਸ ਦੇ ਅਨੁਸਾਰ **ਵੀ**: ਜੇ **ਕੋਈ ਜੀਵਨ ਦੀ ਪੋਥੀ** ਵਿੱਚ ਲਿਖਿਆ ਹੋਇਆ ਨਾ ਲੱਭਾ।

- ਧਿਆਨ ਦੇਵੋ ਕਿ **ਜਦੋਂ** ਵਿਸ਼ਵਾਸੀਆਂ ਦੇ ਨਾਮ ਜੀਵਨ ਦੀ ਪੋਥੀ ਵਿੱਚ ਲਿਖੇ ਗਏ ਸਨ: ਪਰਕਾਸ਼ ਦੀ ਪੋਥੀ 13:8 ਅਤੇ ਧਰਤੀ ਦੇ ਵਾਸੀ ਸੱਭੇ ਉਹ ਨੂੰ ਮੱਥਾ ਟੇਕਣਗੇ ਅਰਥਾਤ ਹਰੇਕ **ਜਿਹ ਦਾ ਨਾਉਂ** ਓਸ **ਲੇਲੇ ਦੀ** ਜਿਹੜਾ ਕੋਹਿਆ ਗਿਆ ਸੀ **ਜੀਵਨ ਦੀ ਪੋਥੀ ਵਿੱਚ ਜਗਤ ਦੇ ਮੁੱਢੋਂ ਹੀ ਨਹੀਂ ਲਿਖਿਆ ਗਿਆ।**

  ਲੂਕਾ 10:20 ਪਰ ਇਸ ਤੋਂ ਅਨੰਦ ਨਾ ਹੋਵੋ ਕਿ ਰੂਹਾਂ ਤੁਹਾਡੇ ਵੱਸ ਵਿੱਚ ਹਨ ਪਰ ਇਸ ਤੋਂ **ਅਨੰਦ ਹੋਵੋ ਭਈ ਤੁਹਾਡੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ।**

  ਅਫਸੀਆਂ 1:4 ਜਿਵੇਂ ਉਹ ਨੇ **ਸਾਨੂੰ** ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ **ਚੁਣ ਲਿਆ**

- ਇਸ ਨਿਆਂ ਦੇ ਸਮੇਂ, ਕੋਈ ਬਰੀ ਨਹੀਂ ਹੋਣਾ ਹੈ, ਕੋਈ ਉੱਚ ਅਦਾਲਤ ਨਹੀਂ ਹੈ ਜਿੱਥੇ ਗੁਆਚੇ ਹੋਏ ਅਪੀਲ ਕਰ ਸਕਦੇ ਹਨ। ਉਹ ਗੁਆਚੇ ਹੋਏ ਹਨ ਅਤੇ ਸਦਾ ਲਈ ਗੁਆਚੇ ਹੋਏ ਹਨ; ਸਾਰੀ ਸਦੀਪਕਤਾ ਲਈ, ਬਿਨ੍ਹਾਂ ਕਿਸੇ ਆਸ ਅਤੇ ਹਮਦਰਦੀ ਤੋਂ।

ਮੱਤੀ 13:37-43 ਤਾਂ ਉਸ ਨੇ ਉੱਤਰ ਦਿੱਤਾ **ਜਿਹੜਾ ਚੰਗਾ ਬੀ ਬੀਜਦਾ ਹੈ ਉਹ ਮਨੁੱਖ ਦਾ ਪੁੱਤਰ ਹੈ।** (38) ਖੇਤ ਜਗਤ ਹੈ ਅਤੇ ਚੰਗਾ ਬੀ **ਰਾਜ ਦੇ ਪੁੱਤਰ** ਅਤੇ **ਜੰਗਲੀ ਬੂਟੀ ਦੁਸ਼ਟ ਦੇ ਪੁੱਤਰ ਹਨ।**(ਦੋ ਬਿਲਕੁਲ ਵੱਖ ਕਿਸਮ ਦੇ ਲੋਕ) (39) ਅਤੇ ਜਿਸ ਵੈਰੀ ਨੇ ਉਹ ਨੂੰ ਬੀਜਿਆ ਉਹ **ਸ਼ਤਾਨ** ਹੈ। **ਵਾਢੀ** ਦਾ ਵੇਲਾ **ਜੁਗ ਦਾ ਅੰਤ** ਹੈ ਅਰ ਵੱਢਣ ਵਾਲੇ ਦੂਤ ਹਨ। (40) ਸੋ ਜਿਸ ਪਰਕਾਰ ਜੰਗਲੀ ਬੂਟੀ ਇਕੱਠੀ ਕੀਤੀ ਅਤੇ ਅੱਗ ਵਿੱਚ ਫੂਕੀ ਜਾਂਦੀ ਹੈ **ਉਸੇ ਪਰਕਾਰ ਇਸ ਜੁਗ ਦੇ ਅੰਤ ਦੇ ਸਮੇ ਹੋਵੇਗਾ।** (41) ਮਨੁੱਖ ਦਾ ਪੁੱਤਰ ਆਪਣਿਆਂ ਦੂਤਾਂ ਨੂੰ ਘੱਲੇਗਾ ਅਤੇ ਓਹ ਉਸ ਦੇ ਰਾਜ ਵਿੱਚੋਂ ਸਾਰੀਆਂ ਠੋਕਰ ਖੁਆਉਣ ਵਾਲੀਆਂ ਚੀਜ਼ਾਂ ਨੂੰ ਅਤੇ ਕੁਕਰਮੀਆਂ ਨੂੰ ਇਕੱਠਿਆਂ ਕਰਨਗੇ। (42) ਅਤੇ ਉਨ੍ਹਾਂ ਨੂੰ **ਭਖਦੇ ਭੱਠੇ** ਵਿੱਚ ਸੁੱਟ ਦੇਣਗੇ। ਉੱਥੇ **ਰੋਣਾ ਅਰ ਕਚੀਚੀਆਂ ਵੱਟਣਾ** ਹੋਵੇਗਾ। (43) ਤਦ ਧਰਮੀ ਲੋਕ ਆਪਣੇ ਪਿਤਾ ਦੇ ਰਾਜ ਵਿੱਚ ਸੂਰਜ (ਦਾਨੀਏਲ 12:3) ਵਾਂਙੁ ਚਮਕਣਗੇ। ਜਿਹ ਦੇ ਕੰਨ ਹੋਣ ਸੋ ਸੁਣੇ।

ਨਿਆਂ ਦੇ ਵੱਡੇ ਚਿੱਟੇ ਸਿੰਘਾਸਣ ਤੋਂ ਬਾਅਦ ਮਸੀਹ ਦਾ ਇੱਕ ਹਜ਼ਾਰ ਸਾਲ ਦਾ ਰਾਜ ਹੋਵੇਗਾ। ਪਰਕਾਸ਼ ਦੀ ਪੋਥੀ 20:5 ਦੇ ਅਨੁਸਾਰ ਵਿਸ਼ਵਾਸੀ ਇਸ ਨਿਆਂ ਤੋਂ ਹਜ਼ਾਰ ਸਾਲ ਪਹਿਲਾਂ ਜੀ ਉੱਠੇ ਸਨ।

ਪਰਕਾਸ਼ ਦੀ ਪੋਥੀ 20:4-6 ਮੈਂ ਗੱਦੀਆਂ ਵੇਖੀਆਂ ਅਤੇ ਓਹ ਉਨ੍ਹਾਂ ਉੱਤੇ ਬੈਠੇ ਹੋਏ ਸਨ ਅਤੇ ਨਿਆਉਂ ਕਰਨ ਦਾ ਓਹਨਾਂ ਨੂੰ ਇਖ਼ਤਿਆਰ ਦਿੱਤਾ ਗਿਆ (ਵੇਖੋ ਮੱਤੀ 19:27-30) ਅਤੇ ਮੈਂ ਓਹਨਾਂ ਦੇ ਜੀਵਾਂ ਨੂੰ ਵੇਖਿਆ ਜਿਨ੍ਹਾਂ ਦੇ ਸਿਰ ਯਿਸੂ ਦੀ **ਗਵਾਹੀ** ਦੇ ਕਾਰਨ ਅਤੇ ਪਰਮੇਸ਼ੁਰ ਦੇ ਬਚਨ ਦੇ ਕਾਰਨ ਵੱਢੇ ਗਏ ਸਨ ਜਿਨ੍ਹਾਂ ਓਸ ਦਰਿੰਦੇ ਦੀ ਯਾ ਉਹ ਦੀ ਮੂਰਤੀ ਦੀ **ਪੂਜਾ ਨਹੀਂ ਕੀਤੀ ਸੀ** ਅਤੇ ਉਹ **ਦਾਗ** ਆਪਣੇ ਮੱਥੇ ਅਤੇ ਆਪਣੇ ਹੱਥ ਉੱਤੇ **ਨਹੀਂ ਲੁਆਇਆ ਸੀ। ਓਹ ਜੀ ਉੱਠੇ** ਅਤੇ ਹਜ਼ਾਰ ਵਰ੍ਹੇ **ਮਸੀਹ ਦੇ ਨਾਲ ਰਾਜ ਕਰਦੇ ਰਹੇ।** (5) **ਬਾਕੀ ਦੇ ਮੁਰਦੇ** ਹਜ਼ਾਰ ਵਰ੍ਹੇ ਦੇ ਪੂਰੇ ਹੋਣ ਤੀਕ ਜੀ ਨਾ ਉੱਠੇ। ਇਹ **ਪਹਿਲੀ ਕਿਆਮਤ** ਹੈ (ਉਹ ਜਿਹੜੇ ਜੀ ਉੱਠੇ ਅਤੇ ਮਸੀਹ ਦੇ ਨਾਲ ਰਾਜ ਕੀਤਾ)। (6) ਧੰਨ ਅਤੇ ਪਵਿੱਤਰ ਉਹ ਜਿਹੜਾ **ਪਹਿਲੀ ਕਿਆਮਤ** ਵਿੱਚ ਸ਼ਾਮਿਲ ਹੈ! ਏਹਨਾਂ ਉੱਤੇ

**ਦੂਈ ਮੌਤ ਦਾ ਕੁਝ ਵੱਸ ਨਹੀਂ** ਸਗੋਂ ਓਹ ਪਰਮੇਸ਼ੁਰ ਅਤੇ ਮਸੀਹ ਦੇ ਜਾਜਕ ਹੋਣਗੇ ਅਤੇ **ਉਹ ਦੇ ਨਾਲ ਹਜ਼ਾਰ ਵਰ੍ਹੇ ਰਾਜ ਕਰਨਗੇ।**

- ਜਦੋਂ ਅਸੀਂ "ਓਹ ਜੀ ਉੱਠੇ ਅਤੇ ਹਜ਼ਾਰ ਵਰ੍ਹੇ ਮਸੀਹ ਦੇ ਨਾਲ ਰਾਜ ਕਰਦੇ ਰਹੇ" ਪੜ੍ਹਦੇ ਹਾਂ, ਇਸ ਦਾ ਅਰਥ ਇਹ ਨਹੀਂ ਹੈ ਕਿ ਵਿਸ਼ਵਾਸੀ ਸਾਰਾ ਸਮਾਂ ਮਰੇ ਹੋਏ ਸਨ। ਜੋ ਪੌਲੁਸ ਨੇ ਕਿਹਾ ਉਸ ਨੂੰ ਯਾਦ ਰੱਖੋ: ਮੈਂ ਚਾਹੁੰਦਾ ਹਾਂ ਭਈ ਛੁਟਕਾਰਾ ਪਾਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ (ਫਿਲਿੱਪੀਆਂ 1:23) ਦੇਹੀ ਦਾ ਘਰ ਛੱਡ ਦੇਈਏ ਅਤੇ ਪ੍ਰਭੂ ਕੋਲ ਜਾ ਵੱਸੀਏ (2 ਕੁਰਿੰਥੀਆਂ 5:8)। ਉਹ ਜਾਣਦਾ ਸੀ ਕਿ ਮੌਤ ਹੋਣ 'ਤੇ ਉਸ ਦਾ ਆਤਮਾ ਸਰੀਰ ਨੂੰ ਛੱਡ ਕੇ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਚਲਾ ਜਾਵੇਗਾ। ਇਹ ਕਥਨ ਓਹ ਜੀ ਉੱਠੇ "ਸਰੀਰ ਦੇ ਪੁਨਰ ਉੱਥਾਨ" ਦਾ ਹਵਾਲਾ ਦਿੰਦਾ ਹੈ, ਜਿਵੇਂ ਕਿ ਪੌਲੁਸ ਨੇ ਵਿਆਖਿਆ ਕੀਤੀ: ਉਹ ਪ੍ਰਾਣਕ ਸਰੀਰ ਹੋਕੇ ਬੀਜਿਆ ਜਾਂਦਾ ਹੈ ਪਰ ਉਹ ਆਤਮਕ ਸਰੀਰ ਹੋਕੇ **ਜੀ ਉੱਠਦਾ** ਹੈ। (1 ਕੁਰਿੰਥੀਆਂ 15:42-44)

## ੜ. ਕੌਮਾਂ ਦਾ ਨਿਆਂ

ਮਨੁੱਖ ਦਾ ਮਨ ਸੁਭਾਵਿਕ ਰੂਪ ਵਿੱਚ ਜਾਣਦਾ ਹੈ ਕਿ **ਨਿਆਂ ਹੋਣਾ ਹੈ।** ਰਾਜਾ ਦਾਊਦ ਨੇ ਇਸ ਲਈ ਪ੍ਰਾਰਥਨਾ ਕੀਤੀ: ਜ਼ਬੂਰ 9:17-20 **ਦੁਸ਼ਟ** ਪਤਾਲ ਵਿੱਚ ਮੁੜ ਜਾਣਗੇ, ਓਹ ਸਾਰੀਆਂ **ਕੌਮਾਂ** ਜਿਹੜੀਆਂ ਪਰਮੇਸ਼ੁਰ ਨੂੰ ਵਿਸਾਰ ਦਿੰਦੀਆਂ ਹਨ। (19) ਉੱਠ, ਹੇ ਯਹੋਵਾਹ, ਇਨਸਾਨ ਨੂੰ ਪਰਬਲ ਨਾ ਹੋਣ ਦੇਹ! ਤੇਰੇ ਸਨਮੁਖ ਪਰਾਈਆਂ **ਕੌਮਾਂ ਦਾ ਨਿਆਉਂ ਕੀਤਾ ਜਾਵੇ!** (20) ਹੇ ਯਹੋਵਾਹ, ਓਹਨਾਂ ਨੂੰ **ਭੈਜਲ** ਪਾ, ਪਰਾਈਆਂ ਕੌਮਾਂ ਆਪਣੇ ਆਪ ਨੂੰ ਨਿਰਾ ਇਨਸਾਨ ਹੀ ਜਾਣਨ ॥ ਸਲਹ ॥

- ਦਾਊਦ ਦੀ ਪ੍ਰਾਰਥਨਾ ਦੀ ਪੁਕਾਰ ਦਾ **ਉੱਤਰ ਦਿੱਤਾ ਜਾਵੇਗਾ।**
- ਕੌਮਾਂ (ਨਸਲ) ਜਾਤੀ ਸਮੂਹ ਜਾਂ ਕਬੀਲੇ ਹਨ ਜਿਨ੍ਹਾਂ ਨੂੰ ਯਹੂਦੀ "ਪਰਾਈਆਂ ਕੌਮਾਂ" ਆਖਦੇ ਹਨ।

ਮੇਰੀ ਸਲਾਹ ਦੇ ਅਨੁਸਾਰ ਇਹ ਨਿਆਂ ਉਸ ਦਿਨ ਦੇ ਵੱਡੇ ਚਿੱਟੇ ਸਿੰਘਾਸਣ ਦੇ ਨਿਆਂ ਦੀ ਦੂਸਰੀ ਵਿਆਖਿਆ ਹੈ। ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਇਹ ਦੂਸਰੇ ਸਮੇਂ ਉੱਤੇ ਹੈ। ਮੈਨੂੰ ਇਸ ਦਾ ਕੋਈ ਸਬੂਤ ਨਹੀਂ ਮਿਲਿਆ ਕਿ ਇਹ ਕਦੋਂ ਹੋਵੇਗਾ ਪਰ ਇਹ ਨਿਸ਼ਚਿਤ ਰੂਪ ਦੇ ਵਿੱਚ ਵੱਡੇ ਚਿੱਟੇ ਸਿੰਘਾਸਣ ਦੇ ਸਮੇਂ ਵਿੱਚ ਸਹੀ ਬੈਠਦੀ ਹੈ।

ਸਹੀ ਨਿਰਧਾਰਤ ਕੀਤੇ ਗਏ ਸਮੇਂ ਦੇ ਬਾਰੇ ਉਹ ਯਾਦ ਰੱਖੋ ਜੋ ਯਿਸੂ ਨੇ ਕਿਹਾ: ਪਰ ਉਸ ਦਿਨ ਅਤੇ ਘੜੀ ਨੂੰ **ਕੋਈ ਨਹੀਂ ਜਾਣਦਾ**, ਨਾ ਸੁਰਗ ਦੇ ਦੂਤ ਨਾ ਪੁੱਤਰ ਪਰ ਕੇਵਲ ਪਿਤਾ। ਮੱਤੀ 24:36

ਮੱਤੀ 25:31-36 ਜਦ **ਮਨੁੱਖ ਦਾ ਪੁੱਤਰ ਆਪਣੇ ਤੇਜ ਨਾਲ ਸਾਰੇ ਦੂਤਾਂ ਸਣੇ ਆਵੇਗਾ ਤਦ ਉਹ ਆਪਣੇ ਤੇਜ ਦੇ ਸਿੰਘਾਸਣ ਉੱਤੇ ਬੈਠੇਗਾ।**

ਦਾਨੀਏਲ ਨੇ ਪਹਿਲਾਂ ਹੀ ਇਸ ਮਹਿਮਾਮਈ ਘਟਨਾ ਨੂੰ ਵੇਖ ਲਿਆ ਸੀ: ਦਾਨੀਏਲ 7:9-10
ਮੈਂ ਐਥੋਂ ਤੀਕ ਵੇਖਦਾ ਰਿਹਾ ਕਿ ਸਿੰਘਾਸਣ ਰੱਖੇ ਗਏ, ਅਤੇ **ਅੱਤ ਪਰਾਚੀਨ** ਬੈਠ ਗਿਆ। ਉਹ ਦਾ **ਬਸਤਰ** ਬਰਫ਼ ਵਰਗਾ ਚਿੱਟਾ ਸੀ, ਅਤੇ ਉਹ ਦੇ ਸਿਰ ਦੇ **ਵਾਲ** ਉੱਨ ਵਾਂਗਰ ਸੁਥਰੇ, ਉਹ ਦਾ **ਸਿੰਘਾਸਣ** ਅੱਗ ਦੀ ਲਾਟ ਵਰਗਾ ਸੀ, ਅਤੇ ਉਸ ਦੇ **ਪਹੀਏ** ਬਲਦੀ ਅੱਗ ਵਰਗੇ ਸਨ। (10) **ਇੱਕ ਅੱਗ ਵਾਲੀ ਨਦੀ** ਨਿੱਕਲੀ, ਜੋ ਉਹ ਦੇ ਅੱਗੋਂ ਦੀ ਵਗਦੀ

ਸੀ। ਹਜ਼ਾਰਾਂ ਹੀ ਹਜ਼ਾਰ ਉਹ ਦੀ ਟਹਿਲ ਕਰਦੇ ਸਨ, ਅਤੇ ਲੱਖਾਂ ਦਰ ਲੱਖ ਉਹ ਦੇ ਅੱਗੇ ਖਲੋਤੇ ਸਨ! ਨਿਆਉਂ ਹੁੰਦਾ ਸੀ ਅਤੇ **ਪੋਥੀਆਂ ਖੁਲ੍ਹੀਆਂ ਹੋਈਆਂ ਸਨ**।

## ਇੱਕ ਅਦਭੁਤ ਦ੍ਰਿਸ਼!

ਸਾਰੀ ਮਨੁੱਖ ਜਾਤੀ ਦਾ ਨਿਆਂ **"ਮਨੁੱਖ ਦੇ ਪੁੱਤਰ"** ਨੂੰ ਸੌਂਪਿਆ ਗਿਆ ਹੈ ਕਿਉਂਕਿ ਉਸ ਨੇ ਆਪਣੇ ਆਪ ਨੂੰ ਅਧੀਨ ਕੀਤਾ ਅਤੇ ਸਾਡੇ ਸੁਭਾਉ ਨੂੰ ਲਿਆ। ਉਸ ਨੇ ਇੱਕ ਮਨੁੱਖ ਹੋਣ ਦੇ ਨਾਤੇ ਪਾਪ ਤੋਂ ਰਹਿਤ ਇੱਕ ਧਰਮੀ ਅਤੇ ਪਵਿੱਤਰ ਜੀਵਨ ਬਿਤਾਇਆ ਅਤੇ ਇਸ ਲਈ **ਉਹ ਇਕੱਲਾ ਹੀ ਮਨੁੱਖਾਂ ਦਾ ਨਿਆਂ ਸਹੀ ਅਤੇ ਧਰਮ ਨਾਲ ਕਰ ਸਕਦਾ ਹੈ।**

ਧਰਤੀ ਦੇ ਰਾਜਿਆਂ ਨੇ ਆਪਣੇ ਸਿੰਘਾਸਣ ਨੂੰ ਆਪਣੀ ਭੜਕ ਅਤੇ ਮਹਿਮਾ ਦੇ ਵੱਡੇ ਵਿਖਾਵੇ ਨਾਲ ਪ੍ਰਾਪਤ ਕੀਤਾ ਹੈ। ਪਰ **ਜਦ ਮਨੁੱਖ ਦਾ ਪੁੱਤਰ ਆਪਣੇ ਤੇਜ ਨਾਲ ਆਵੇਗਾ** ਸਾਰੀ ਮਹਾਨਤਾ, ਗੌਰਵ, ਨੂਰ, ਜਲਾਲ ਅਤੇ ਠਾਠ ਨਾਲ, ਇਹ **ਬਹੁਤ ਜ਼ਿਆਦਾ ਉੱਚਾ ਅਤੇ ਦੂਰ ਹੋਵੇਗਾ ਕਿ ਅਸੀਂ ਇਸ ਦੇ ਬਾਰੇ ਕਲਪਨਾ ਵੀ ਨਹੀਂ ਕਰ ਸਕਦੇ**।

**ਪ੍ਰਭੂ ਯਿਸੂ ਮਸੀਹ ਆਪਣੇ ਦੂਤਾਂ, ਆਪਣੇ ਮਹਿਮਾਮਈ ਸਹਾਇਕਾਂ, ਸੇਵਕਾਂ ਨਾਲ ਆਵੇਗਾ ਜੋ:**

- **ਉਸ ਦੇ ਚੁਣਿਆਂ ਹੋਇਆਂ ਨੂੰ ਇਕੱਠਾ ਕਰਨਗੇ:**
  ਮੱਤੀ 24:31 ਅਤੇ ਉਹ ਤੁਰਹੀ ਦੀ ਵੱਡੀ ਅਵਾਜ਼ ਨਾਲ ਆਪਣੇ ਦੂਤਾਂ ਨੂੰ ਭੇਜੇਗਾ ਅਰ ਓਹ ਚੌਹਾਂ ਕੂੰਟਾਂ ਤੋਂ ਅਕਾਸ਼ ਦੇ ਉਸ ਸਿਰੇ ਤੋਂ ਲੈਕੇ ਐਸ ਸਿਰੇ ਤੀਕਰ **ਉਹ ਦੇ ਚੁਣਿਆਂ ਹੋਇਆਂ** ਨੂੰ **ਇਕੱਠਿਆਂ** ਕਰਨਗੇ।

- **ਅਤੇ ਜੰਗਲੀ ਬੂਟੀ ਨੂੰ ਚੁੱਕਣਗੇ:**
  ਮੱਤੀ 13:40 ਸੋ ਜਿਸ ਪਰਕਾਰ **ਜੰਗਲੀ ਬੂਟੀ ਇਕੱਠੀ ਕੀਤੀ** ਅਤੇ ਅੱਗ ਵਿੱਚ **ਫੂਕੀ** ਜਾਂਦੀ ਹੈ ਉਸੇ ਪਰਕਾਰ ਇਸ ਜੁਗ ਦੇ ਅੰਤ ਦੇ ਸਮੇ ਹੋਵੇਗਾ।

- ਫਿਰ ਪ੍ਰਭੂ **ਚੁਣਿਆਂ ਹੋਇਆਂ ਦੇ ਵਿਸ਼ਵਾਸ ਦੀ ਘੋਸ਼ਣਾ** ਕਰੇਗਾ ਅਤੇ ਉਨ੍ਹਾਂ ਦੇ ਰੱਦ ਕੀਤੇ ਜਾਣ ਅਤੇ ਅਵਿਸ਼ਵਾਸ ਦੀ ਘੋਸ਼ਣਾ ਕਰੇਗਾ ਜਿਨ੍ਹਾਂ ਨੇ ਉਸ ਦਾ ਇਨਕਾਰ ਕੀਤਾ:
  ਲੂਕਾ 12:8-9 ਮੈਂ ਤੁਹਾਨੂੰ ਆਖਦਾ ਹਾਂ ਭਈ ਜੋ **ਕੋਈ ਮਨੁੱਖਾਂ ਦੇ ਅੱਗੇ ਮੇਰਾ ਇਕਰਾਰ ਕਰੇ** ਮਨੁੱਖ ਦਾ ਪੁੱਤਰ ਵੀ ਪਰਮੇਸ਼ੁਰ ਦੇ **ਦੂਤਾਂ ਦੇ ਅੱਗੇ ਉਹ ਦਾ ਇਕਰਾਰ ਕਰੇਗਾ**। (9) ਪਰ ਜੋ ਮਨੁੱਖਾਂ ਦੇ ਅੱਗੇ **ਮੇਰਾ ਇਨਕਾਰ ਕਰੇ ਪਰਮੇਸ਼ੁਰ ਦੇ ਦੂਤਾਂ ਦੇ ਅੱਗੇ ਉਹ ਦਾ ਇਨਕਾਰ ਕੀਤਾ ਜਾਵੇਗਾ।**

- **ਅਤੇ ਉਹ ਤੁਹਾਨੂੰ ਇੱਕ ਆਦਰ ਦਾ ਸਥਾਨ ਦੇਵੇਗਾ:**
  ਪਰਕਾਸ਼ ਦੀ ਪੋਥੀ 3:21-22 ਜਿਹੜਾ ਜਿੱਤਣ ਵਾਲਾ ਹੈ ਉਹ ਨੂੰ **ਮੈਂ ਆਪਣੇ ਸਿੰਘਾਸਣ ਉੱਤੇ ਆਪਣੇ ਨਾਲ ਬਿਠਾਵਾਂਗਾ** ਜਿਸ ਪਰਕਾਰ ਮੈਂ ਵੀ ਜਿੱਤਿਆ ਅਤੇ ਆਪਣੇ ਪਿਤਾ ਦੇ ਨਾਲ ਉਹ ਦੇ ਸਿੰਘਾਸਣ ਉੱਤੇ ਬੈਠਾ। (22) ਜਿਹ ਦੇ ਕੰਨ ਹਨ ਸੋ ਸੁਣੇ ਭਈ ਆਤਮਾ ਕਲੀਸਿਯਾਂ ਨੂੰ ਕੀ ਆਖਦਾ ਹੈ।
  ਇਸ ਲਈ . . . ਤੁਸੀਂ ਯਿਸੂ ਮਸੀਹ ਦੇ ਲਈ ਕਿੰਨੇ ਖਾਸ ਹੋ?

ਮੱਤੀ 25:31-46 ਨਾਲ ਜਾਰੀ ਜਦ **ਮਨੁੱਖ ਦਾ ਪੁੱਤਰ** ਆਪਣੇ ਤੇਜ ਨਾਲ ਸਾਰੇ ਦੂਤਾਂ ਸਣੇ **ਆਵੇਗਾ ਤਦ ਉਹ ਆਪਣੇ ਤੇਜ ਦੇ ਸਿੰਘਾਸਣ ਉੱਤੇ ਬੈਠੇਗਾ**। (32) ਅਰ **ਸਭ ਕੌਮਾਂ ਉਹ ਦੇ ਅੱਗੇ ਇਕੱਠੀਆਂ ਕੀਤੀਆਂ ਜਾਣਗੀਆਂ** ਅਰ ਜਿਸ

ਤਰਾਂ ਅਯਾਲੀ ਭੇਡਾਂ ਨੂੰ ਬੱਕਰੀਆਂ ਵਿੱਚੋਂ ਵੱਖਰਿਆਂ ਕਰਦਾ ਹੈ ਓਸੇ ਤਰਾਂ ਉਹ **ਉਨ੍ਹਾਂ ਨੂੰ** ਇੱਕ ਦੂਏ ਤੋਂ **ਵੱਖਰਾ** ਕਰੇਗਾ। (33) ਅਤੇ ਉਹ ਭੇਡਾਂ ਨੂੰ ਆਪਣੇ ਸੱਜੇ ਪਾਸੇ ਅਰ ਬੱਕਰੀਆਂ ਨੂੰ ਖੱਬੇ ਪਾਸੇ ਖੜਿਆਂ ਕਰੇਗਾ। (34) ਤਦ ਪਾਤਸ਼ਾਹ ਉਨ੍ਹਾਂ ਨੂੰ ਜਿਹੜੇ ਉਹ ਦੇ ਸੱਜੇ ਪਾਸੇ ਹੋਣ ਆਖੇਗਾ, **ਹੇ ਮੇਰੇ ਪਿਤਾ ਦੇ ਮੁਬਾਰਕ ਲੋਕੋ ਆਓ! ਜਿਹੜਾ ਰਾਜ ਸੰਸਾਰ ਦੇ ਮੁੱਢੋਂ ਤੁਹਾਡੇ ਲਈ ਤਿਆਰ ਕੀਤਾ ਹੋਇਆ ਹੈ ਉਹ ਦੇ ਵਾਰਸ ਹੋਵੋ।** . . . (41) ਤਦ ਜਿਹੜੇ ਖੱਬੇ ਪਾਸੇ ਹੋਣ ਉਨ੍ਹਾਂ ਨੂੰ ਵੀ ਉਹ ਕਹੇਗਾ, ਹੇ ਸਰਾਪੇ ਹੋਇਓ, **ਮੇਰੇ ਕੋਲੋਂ** ਉਸ **ਸਦੀਪਕ ਅੱਗ** ਵਿੱਚ **ਚੱਲੇ ਜਾਓ** ਜਿਹੜੀ ਸ਼ਤਾਨ ਅਤੇ ਉਹ ਦੇ ਦੂਤਾਂ ਲਈ ਤਿਆਰ ਕੀਤੀ ਹੋਈ ਹੈ . . . (46) ਅਤੇ ਏਹ **ਸਦੀਪਕ ਸਜ਼ਾ** ਵਿੱਚ ਜਾਣਗੇ ਪਰ ਧਰਮੀ **ਸਦੀਪਕ ਜੀਉਣ** ਵਿੱਚ।

> ਮੱਤੀ 16:27 ਵਿੱਚ ਵੀ ਇਸ ਘਟਨਾ ਦੇ ਬਾਰੇ ਗੱਲ ਕੀਤੀ ਗਈ ਹੈ: ਕਿਉਂ ਜੋ **ਮਨੁੱਖ ਦਾ ਪੁੱਤਰ** ਆਪਣੇ ਦੂਤਾਂ ਸਣੇ **ਆਪਣੇ ਪਿਤਾ ਦੇ ਤੇਜ** ਨਾਲ ਆਵੇਗਾ ਅਤੇ ਉਸ ਸਮੇ ਉਹ ਹਰੇਕ ਨੂੰ ਉਹ ਦੀ ਕਰਨੀ ਮੂਜਬ **ਫਲ** (ਸ਼ਾਬਦਿਕ: ਵਾਪਸ ਦੇਣਾ) ਦੇਵੇਗਾ।

- ਮੱਤੀ 25:32 ਅਰ ਸਭ ਕੌਮਾਂ ਉਹ . . . ਇੱਕ ਦੂਏ ਤੋਂ ਵੱਖਰਾ ਕਰੇਗਾ। ਜਿਵੇਂ ਇੱਕ ਚਰਵਾਹਾ . . . ਯੂਹੰਨਾ 10:14 **ਅੱਛਾ ਅਯਾਲੀ** ਮੈਂ ਹਾਂ ਅਤੇ **ਮੈਂ ਆਪਣੀਆਂ** ਭੇਡਾਂ ਨੂੰ **ਸਿਆਣਦਾ ਹਾਂ** ਅਤੇ ਮੇਰੀਆਂ ਆਪਣੀਆਂ ਭੇਡਾਂ ਮੈਨੂੰ ਸਿਆਣਦੀਆਂ ਹਨ।

  ਵਿਸ਼ਵਾਸੀਆਂ ਦੇ ਵਿੱਚੋਂ ਸਭ ਤੋਂ ਚੰਗਾ ਵੀ ਉਨ੍ਹਾਂ ਦੇ ਵਿੱਚ ਸ਼ਾਮਲ ਨਹੀਂ ਹੋ ਸਕੇਗਾ।
  ਜ਼ਬੂਰ 1:4-6 ਦੁਸ਼ਟ ਅਜੇਹੇ ਨਹੀਂ ਪਰ ਓਹ ਭੋਹ ਵਰਗੇ ਹਨ, ਜਿਹ ਨੂੰ ਪੌਣ ਉਡਾ ਲੈ ਜਾਂਦੀ ਹੈ। (5) ਏਸ ਲਈ **ਦੁਸ਼ਟ ਨਿਆਉਂ ਵਿੱਚ ਖੜੇ ਨਹੀਂ ਰਹਿਣਗੇ**, ਨਾ ਪਾਪੀ ਧਰਮੀਆਂ ਦੀ ਮੰਡਲੀ ਵਿੱਚ, (6) ਕਿਉਂ ਜੋ ਯਹੋਵਾਹ ਧਰਮੀਆਂ ਦਾ ਰਾਹ ਜਾਣਦਾ ਹੈ, ਪਰ ਦੁਸ਼ਟਾਂ ਦਾ ਰਾਹ **ਨਾਸ ਹੋ ਜਾਵੇਗਾ।**

- ਮਲਾਕੀ ਨੇ ਇਸ ਦਿਨ ਨੂੰ ਆਉਂਦੇ ਹੋਏ ਵੇਖਿਆ: ਮਲਾਕੀ 4:1-3 ਤਾਂ ਵੇਖੋ, ਉਹ ਦਿਨ ਆਉਂਦਾ ਹੈ, **ਤੰਦੂਰ ਵਾਂਙੁ ਸਾੜਨ ਵਾਲਾ।** ਸਾਰੇ **ਆਕੜ ਬਾਜ਼** ਅਤੇ ਸਾਰੇ **ਦੁਸ਼ਟ** ਭੁਠਾ ਹੋਣਗੇ। ਉਹ ਦਿਨ ਓਹਨਾਂ ਨੂੰ ਸਾੜਨ ਲਈ ਆਉਂਦਾ ਹੈ, ਸੈਨਾਂ ਦਾ ਯਹੋਵਾਹ ਆਖਦਾ ਹੈ, ਉਹ ਓਹਨਾਂ ਲਈ ਟੁੰਡ ਮੁੰਡ ਨਾ ਛੱਡੇਗਾ। (2) ਪਰ **ਤੁਹਾਡੇ ਲਈ ਜਿਹੜੇ ਮੇਰੇ ਨਾਮ ਦਾ ਭੈ ਮੰਨਦੇ ਹੋ** ਧਰਮ ਦਾ ਸੂਰਜ ਚੜ੍ਹੇਗਾ ਅਤੇ ਉਹ ਦੀਆਂ ਕਿਰਨਾਂ ਵਿੱਚ ਸ਼ਿਫਾ ਹੋਵੇਗੀ। **ਤੁਸੀਂ** ਵਾੜੇ ਦੇ ਵੱਛਿਆਂ ਵਾਂਙੁ ਬਾਹਰ ਨਿੱਕਲੋਗੇ ਅਤੇ ਕੁੱਦੋਗੇ। (3) ਤੁਸੀਂ ਦੁਸ਼ਟਾਂ ਨੂੰ ਮਿੱਧੋਗੇ, ਓਹ ਤੁਹਾਡੇ ਪੈਰਾਂ ਦੀਆਂ ਤਲੀਆਂ ਦੇ ਹੇਠ ਦੀ ਸੁਆਹ ਹੋਣਗੇ (ਵੇਖੋ ਰੋਮੀਆਂ 16:20) **ਉਸ ਦਿਨ ਜਦ ਮੈਂ ਕੰਮ ਕਰਾਂਗਾ**, ਸੈਨਾਂ ਦਾ ਯਹੋਵਾਹ ਆਖਦਾ ਹੈ।

- ਹਾਂ, ਧਰਮੀ ਬਹੁਤਾਇਤ ਦੇ ਨਾਲ ਬਰਕਤ ਪਾਵੇਗਾ:
  ਮੱਤੀ 25:34 ਤਦ ਪਾਤਸ਼ਾਹ ਉਨ੍ਹਾਂ ਨੂੰ ਜਿਹੜੇ ਉਹ ਦੇ ਸੱਜੇ ਪਾਸੇ ਹੋਣ ਆਖੇਗਾ, ਹੇ ਮੇਰੇ ਪਿਤਾ ਦੇ **ਮੁਬਾਰਕ ਲੋਕੋ ਆਓ! ਜਿਹੜਾ ਰਾਜ ਸੰਸਾਰ ਦੇ ਮੁੱਢੋਂ ਤੁਹਾਡੇ ਲਈ ਤਿਆਰ ਕੀਤਾ ਹੋਇਆ ਹੈ ਉਹ ਦੇ ਵਾਰਸ ਹੋਵੋ।**

  > ਸਾਡੇ ਪਿਤਾ ਨੇ ਸਾਡੇ ਲਈ ਰਾਜ ਤਿਆਰ ਕੀਤਾ . . . ਅਤੇ ਸਾਨੂੰ ਰਾਜ ਲਈ ਤਿਆਰ ਕੀਤਾ
  > ਅਫਸੀਆਂ 1:4 ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ **ਚੁਣ ਲਿਆ** ਭਈ ਅਸੀਂ ਉਹ ਦੇ ਸਨਮੁਖ ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ ਹੋਈਏ।

**ਪਰਕਾਸ਼ ਦੀ ਪੋਥੀ ਦੇ ਵਿੱਚੋਂ ਮਿਲਦੀਆਂ-ਜੁਲਦੀਆਂ ਆਇਤਾਂ:**

- ਉਸ ਦਿਨ ਦੀ ਤੀਬਰਤਾ ਅਤੇ ਕੁਧਰਮੀਆਂ ਦੇ ਮਨਾਂ ਵਿੱਚ ਭੈ। ਪਰਕਾਸ਼ ਦੀ ਪੋਥੀ 6:12-17 ਜਾਂ ਉਹ ਨੇ ਛੇਵੀਂ ਮੋਹਰ ਤੋੜੀ ਤਾਂ ਮੈਂ ਡਿੱਠਾ ਅਤੇ ਵੱਡਾ ਭੁਚਾਲ ਆਇਆ ਅਤੇ ਸੂਰਜ ਵਾਲਾਂ ਦੇ ਭੂਰੇ ਵਰਗਾ ਕਾਲਾ ਹੋ ਗਿਆ ਅਤੇ ਸਾਰਾ ਚੰਦਰਮਾ ਲਹੂ ਜਿਹਾ ਬਣ ਗਿਆ। (13) ਅਤੇ ਅਕਾਸ਼ ਦੇ ਤਾਰੇ ਧਰਤੀ ਉੱਤੇ ਡਿੱਗ ਪਏ ਜਿਸ ਪਰਕਾਰ ਹਜੀਰ ਦੇ ਬੂਟੇ ਤੋਂ ਜਾਂ ਵੱਡੀ ਅਨ੍ਹੇਰੀ ਨਾਲ ਝੋਕੇ ਖਾਂਦਾ ਹੈ ਤਾਂ ਉਹ ਦੇ ਕੱਚੇ ਫਲ ਝੜ ਜਾਂਦੇ ਹਨ। (14) ਅਤੇ ਅਕਾਸ਼ ਵਲ੍ਹੇਟਵੀਂ ਪੋਥੀ ਵਾਂਙੁ ਸਰਕ ਗਿਆ ਅਤੇ ਹਰੇਕ ਪਹਾੜ ਅਤੇ ਟਾਪੂ ਆਪੋ ਆਪਣੇ ਠਿਕਾਣਿਓਂ ਹਿਲ ਗਿਆ। (15) ਅਤੇ **ਧਰਤੀ ਦੇ ਰਾਜਿਆਂ**, **ਅਮੀਰਾਂ**, **ਫੌਜ ਦੇ ਸਰਦਾਰਾਂ**, **ਧਨਵਾਨਾਂ**, **ਬਲਵੰਤਾਂ** ਅਤੇ **ਹਰੇਕ ਗੁਲਾਮ** ਅਤੇ **ਅਜ਼ਾਦ ਨੇ ਆਪਣੇ ਆਪ ਨੂੰ ਗੁਫਾਂ ਵਿੱਚ** ਅਤੇ ਪਹਾੜਾਂ ਦੀਆਂ ਚਟਾਨਾਂ ਵਿੱਚ **ਲੁਕੋ ਲਿਆ**। (16) ਅਤੇ ਓਹ ਪਹਾੜਾਂ ਅਤੇ ਚਟਾਨਾਂ ਨੂੰ ਕਹਿਣ ਲੱਗੇ ਭਈ **ਸਾਡੇ ਉੱਤੇ ਡਿੱਗ ਪਓ**! ਅਤੇ ਜਿਹੜਾ **ਸਿੰਘਾਸਣ ਉੱਤੇ ਬਿਰਾਜਮਾਨ ਹੈ ਉਹ ਦੇ ਸਾਹਮਣਿਓਂ** ਅਤੇ ਲੇਲੇ ਦੇ **ਕ੍ਰੋਧ** ਤੋਂ ਸਾਨੂੰ ਲੁਕਾ ਲਓ! (17) ਕਿਉਂ ਜੋ **ਓਹਨਾਂ ਦੇ ਕ੍ਰੋਧ ਦਾ ਵੱਡਾ ਦਿਹਾੜਾ** ਆ ਪਹੁੰਚਿਆ ਹੈ! ਹੁਣ ਕੌਣ ਖਲੋ ਸਕਦਾ ਹੈ?

- ਪਰਕਾਸ਼ ਦੀ ਪੋਥੀ 11:17-18 ਹੇ ਪ੍ਰਭੂ ਪਰਮੇਸ਼ੁਰ, ਸਰਬ ਸ਼ਕਤੀਮਾਨ, ਜਿਹੜਾ ਹੈ ਅਤੇ ਜਿਹੜਾ ਹੈਸੀ, ਅਸੀਂ ਤੇਰਾ ਧੰਨਵਾਦ ਕਰਦੇ ਹਾਂ, ਇਸ ਲਈ ਜੋ **ਤੈਂ** ਆਪਣੀ ਵੱਡੀ ਸਮਰੱਥਾ **ਲੈ ਕੇ ਰਾਜ ਕੀਤਾ**, (18) **ਕੌਮਾਂ** ਕ੍ਰੋਧਵਾਨ ਹੋਈਆਂ ਤਾਂ ਤੇਰਾ ਕ੍ਰੋਧ ਆਣ ਪਿਆ, ਅਤੇ **ਮੁਰਦਿਆਂ ਦਾ ਸਮਾ ਆ ਪਹੁੰਚਾ ਭਈ ਓਹਨਾਂ ਦਾ ਨਿਆਉਂ ਹੋਵੇ** ਅਤੇ ਤੂੰ ਆਪਣੇ **ਦਾਸਾਂ** ਨੂੰ ਅਰਥਾਤ ਨਬੀਆਂ ਨੂੰ, ਸੰਤਾਂ ਨੂੰ, ਅਤੇ ਓਹਨਾਂ ਨੂੰ ਜੋ ਤੇਰੇ ਨਾਮ ਤੋਂ **ਭੈ** ਰੱਖਦੇ ਹਨ, ਕੀ ਛੋਟੇ ਕੀ ਵੱਡੇ ਨੂੰ **ਫਲ** ਦੇਵੇਂ, ਅਤੇ ਓਹਨਾਂ ਦਾ ਨਾਸ ਕਰੇਂ ਜੋ ਧਰਤੀ ਦਾ ਨਾਸ ਕਰਨ ਵਾਲੇ ਹਨ!

- ਧਰਮੀ ਦਾ ਅਨੰਦ, ਸ਼ਾਂਤੀ ਅਤੇ ਅਰਾਧਨਾ।

ਪਰਕਾਸ਼ ਦੀ ਪੋਥੀ 7:9-12 ਇਹ ਦੇ ਮਗਰੋਂ ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ **ਹਰੇਕ ਕੌਮ** ਵਿੱਚੋਂ ਅਤੇ **ਸਭਨਾਂ ਗੋਤਾਂ**, **ਉੱਮਤਾਂ** ਅਤੇ **ਭਾਖਿਆਂ** ਵਿੱਚੋਂ ਇੱਕ ਵੱਡੀ ਭੀੜ ਜਿਹਦੀ ਗਿਣਤੀ ਕਿਸੇ ਕੋਲੋਂ ਨਹੀਂ ਹੁੰਦੀ ਚਿੱਟੇ ਬਸਤਰ ਪਹਿਨੇ ਅਤੇ ਖਜੂਰ ਦੀਆਂ ਟਹਿਣੀਆਂ ਹੱਥਾਂ ਵਿੱਚ ਲਈ **ਸਿੰਘਾਸਣ** ਦੇ ਸਾਹਮਣੇ ਅਤੇ ਲੇਲੇ ਦੇ ਸਾਹਮਣੇ ਖੜੀ ਹੈ। (10) ਅਤੇ ਏਹ ਵੱਡੀ ਅਵਾਜ਼ ਨਾਲ ਪੁਕਾਰ ਕੇ ਕਹਿੰਦੇ ਹਨ,—ਮੁਕਤੀ ਸਾਡੇ ਪਰਮੇਸ਼ੁਰ ਵੱਲੋਂ, ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ, ਅਤੇ ਲੇਲੇ ਵੱਲੋਂ ਹੈ! (11) ਸਾਰੇ **ਦੂਤ** ਸਿੰਘਾਸਣ ਦੇ ਅਤੇ ਬਜ਼ੁਰਗਾਂ ਦੇ ਅਤੇ ਚੌਹਾਂ ਜੰਤੂਆਂ ਦੇ ਦੁਆਲੇ ਖਲੋਤੇ ਸਨ ਤਾਂ ਓਹ ਸਿੰਘਾਸਣ ਦੇ ਸਾਹਮਣੇ ਮੂੰਹ ਦੇ ਭਾਰ ਡਿੱਗ ਪਏ ਅਤੇ ਪਰਮੇਸ਼ੁਰ ਨੂੰ ਮੱਥਾ ਟੇਕਿਆ। (12) ਅਤੇ ਬੋਲੇ,—ਆਮੀਨ! ਸਾਡੇ ਪਰਮੇਸ਼ੁਰ ਦਾ ਧੰਨਵਾਦ, ਮਹਿਮਾ, ਬੁੱਧ, ਸ਼ੁਕਰ, ਮਾਣ, ਸਮਰੱਥਾ ਅਤੇ ਸ਼ਕਤੀ ਜੁੱਗੋ ਜੁੱਗ ਹੋਵੇ! ਆਮੀਨ। . . . (14) ਫੇਰ ਮੈਂ ਉਹ ਨੂੰ ਆਖਿਆ, ਹੇ ਮੇਰੇ ਪ੍ਰਭੂ ਜੀ, ਤੁਸੀਂ ਜਾਣੋ। ਤਾਂ ਓਨ ਮੈਨੂੰ ਆਖਿਆ, ਏਹ ਓਹ ਹਨ **ਜਿਹੜੇ ਵੱਡੀ ਬਿਪਤਾ ਵਿੱਚੋਂ ਆਉਂਦੇ ਹਨ** ਅਤੇ ਓਹਨਾਂ ਆਪਣੇ ਬਸਤਰ ਲੇਲੇ ਦੇ ਲਹੂ ਨਾਲ ਧੋਤੇ ਅਤੇ ਉਨ੍ਹਾਂ ਨੂੰ ਚਿੱਟਾ ਕੀਤਾ। (15) ਇਸ ਕਰਕੇ ਓਹ **ਪਰਮੇਸ਼ੁਰ ਦੇ ਸਿੰਘਾਸਣ** ਦੇ ਮੋਹਰੇ ਹਨ, ਅਤੇ ਉਹ ਦੀ ਹੈਕਲ ਵਿੱਚ ਰਾਤ ਦਿਨ ਉਹ ਦੀ ਉਪਾਸਨਾ ਕਰਦੇ ਹਨ, ਅਤੇ **ਉਹ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ**, ਆਪਣਾ ਡੇਰਾ ਓਹਨਾਂ ਦੇ ਉੱਤੇ ਤਾਣੇਗਾ। (16) ਓਹ ਫੇਰ ਭੁੱਖੇ ਨਾ ਹੋਣਗੇ, ਨਾ ਫੇਰ ਤਿਹਾਏ ਹੋਣਗੇ, ਨਾ ਧੁੱਪ, ਨਾ ਕੋਈ ਲੂ ਓਹਨਾਂ ਉੱਤੇ ਪਵੇਗੀ, (17) ਕਿਉਂ ਜੋ **ਲੇਲਾ** ਜਿਹੜਾ **ਸਿੰਘਾਸਣ ਦੇ ਵਿਚਕਾਰ** ਹੈ, ਓਹਨਾਂ ਦਾ ਅਯਾਲੀ ਹੋਵੇਗਾ, ਅਤੇ ਓਹਨਾਂ ਨੂੰ **ਅੰਮ੍ਰਿਤ ਜਲ** ਦਿਆਂ ਸੋਤਿਆਂ ਕੋਲ ਲੈ ਜਾਵੇਗਾ, ਅਤੇ **ਪਰਮੇਸ਼ੁਰ ਓਹਨਾਂ ਦੀਆਂ ਅੱਖੀਆਂ ਤੋਂ ਹਰੇਕ ਅੰਝੂ ਪੂੰਝੇਗਾ।**

- ਧਰਮੀਆਂ ਦਾ ਇੱਕ ਹੋਰ ਭਾਗ ਅਰਾਧਨਾ ਵਿੱਚ ਸ਼ਾਮਲ ਹੁੰਦਾ ਹੈ।

ਪਰਕਾਸ ਦੀ ਪੋਥੀ 15:2-4 ਅਤੇ ਮੈਂ ਇੱਕ ਸਮੁੰਦਰ ਜਾਣੋ ਕੱਚ ਦਾ ਵੇਖਿਆ ਜਿਹ ਦੇ ਵਿੱਚ ਅੱਗ ਮਿਲੀ ਹੋਈ ਸੀ, ਅਤੇ **ਜਿਨ੍ਹਾਂ** ਨੇ ਓਸ ਦਰਿੰਦੇ ਉੱਤੇ ਅਤੇ ਉਹ ਦੀ ਮੂਰਤੀ ਉੱਤੇ ਅਤੇ ਉਹ ਦੇ ਨਾਉਂ ਦੇ ਅੰਗ ਉੱਤੇ **ਫ਼ਤਹ ਪਾਈ** ਮੈਂ ਓਹਨਾਂ ਨੂੰ ਪਰਮੇਸ਼ੁਰ ਦੇ ਰਬਾਬ ਫੜੀ ਕੱਚ ਦੇ ਸਮੁੰਦਰ ਕੋਲ ਖਲੋਤੇ ਵੇਖਿਆ। (3) ਅਤੇ ਓਹ ਪਰਮੇਸ਼ੁਰ ਦੇ ਦਾਸ ਮੂਸਾ ਦਾ ਗੀਤ ਅਤੇ ਲੇਲੇ ਦਾ ਗੀਤ ਗਾਉਂਦੇ ਹੋਏ ਆਖਦੇ ਹਨ,—ਹੇ ਪ੍ਰਭੁ ਪਰਮੇਸ਼ੁਰ, ਸਰਬ ਸ਼ਕਤੀਮਾਨ, ਵੱਡੇ ਅਤੇ ਅਚਰਜ ਹਨ ਤੇਰੇ ਕੰਮ! ਹੇ **ਕੌਮਾਂ ਦੇ ਪਾਤਸ਼ਾਹ**, ਜਥਾਰਥ ਅਤੇ ਸਤ ਹਨ ਤੇਰੇ ਮਾਰਗ! (4) ਹੇ ਪ੍ਰਭੁ, ਕੌਣ ਤੈਥੋਂ ਨਾ ਡਰੇਗਾ ਅਤੇ ਤੇਰੇ ਨਾਮ ਦੀ ਮਹਿਮਾ ਨਾ ਕਰੇਗਾ? ਤੂੰ ਹੀ ਤਾਂ ਇਕੱਲਾ ਪਵਿੱਤਰ ਹੈਂ ਸੋ ਸਾਰੀਆਂ **ਕੌਮਾਂ** ਆਉਣਗੀਆਂ, ਤੇਰੇ ਅੱਗੇ ਮੱਥਾ ਟੇਕਣਗੀਆਂ, ਇਸ ਲਈ ਜੋ ਤੇਰੇ ਨਿਆਉਂ ਦੇ ਕੰਮ ਪਰਗਟ ਹੋ ਗਏ ਹਨ!

- ਜਦੋਂ ਨਿਆਂ ਖਤਮ ਹੋ ਜਾਣਗੇ ਅਤੇ ਉਸ ਦੇ ਸਾਰੇ ਲੋਕ ਇਕੱਠੇ ਕੀਤੇ ਜਾਣਗੇ, ਤਾਂ ਅਸੀਂ ਲੇਲੇ ਦੇ ਵਿਆਹ ਦੇ ਭੋਜ ਦਾ ਅਨੰਦ ਮਾਣਾਂਗੇ।

ਪਰਕਾਸ ਦੀ ਪੋਥੀ 19:1-10 ਇਹ ਦੇ ਮਗਰੋਂ ਮੈਂ ਸੁਰਗ ਵਿੱਚ **ਵੱਡੀ ਭੀੜ** ਦੀ ਅਵਾਜ਼ ਜਿਹੀ ਏਹ ਆਖਦੇ ਸੁਣੀ,— ਹਲਲੂਯਾਹ! ਮੁਕਤੀ, ਮਹਿਮਾ ਅਤੇ ਸਮਰੱਥਾ ਸਾਡੇ ਪਰਮੇਸ਼ੁਰ ਦੀ ਹੈ, (2) **ਉਹ ਦੇ ਨਿਆਉਂ** ਤਾਂ **ਸੱਚੇ** ਅਤੇ **ਜਥਾਰਥ** ਹਨ, ਇਸ ਲਈ ਜੋ ਉਸ ਵੱਡੀ ਕੰਜਰੀ ਦਾ ਜਿਨ ਆਪਣੀ ਹਰਾਮਕਾਰੀ ਨਾਲ ਧਰਤੀ ਨੂੰ ਵਿਗਾੜਿਆ ਸੀ, **ਨਿਆਉਂ ਕੀਤਾ** ਅਤੇ ਆਪਣੇ ਦਾਸਾਂ ਦੇ ਲਹੂ ਦਾ ਬਦਲਾ ਉਹ ਦੇ ਹੱਥੋਂ ਲਿਆ। (3) ਓਹ ਦੂਜੀ ਵਾਰ ਬੋਲੇ,—ਹਲਲੂਯਾਹ! ਉਹ ਦਾ ਧੂੰਆਂ ਜੁੱਗੋ ਜੁੱਗ ਪਿਆ ਉੱਠਦਾ ਹੈ! (4) ਤਾਂ ਓਹ ਚੱਵੀ ਬਜ਼ੁਰਗ ਅਤੇ ਚਾਰ ਜੰਤੂ ਡਿੱਗ ਪਏ ਅਤੇ ਪਰਮੇਸ਼ੁਰ ਨੂੰ ਜਿਹੜਾ **ਸਿੰਘਾਸਣ ਉੱਤੇ ਬਿਰਾਜਮਾਨ ਹੈ** ਮੱਥਾ ਟੇਕ ਕੇ ਬੋਲੇ, ਆਮੀਨ, ਹਲਲੂਯਾਹ! (5) ਸਿੰਘਾਸਣ ਵੱਲੋਂ ਇੱਕ ਅਵਾਜ਼ ਇਹ ਆਖਦੇ ਨਿੱਕਲੀ, **ਤੁਸੀਂ ਸੱਭੇ ਉਹ ਦਿਓ ਦਾਸੋ ਕੀ ਛੋਟੇ ਕੀ ਵੱਡੇ**, ਜਿਹੜੇ **ਉਸ ਤੋਂ ਭੈ ਕਰਦੇ ਹੋ, ਸਾਡੇ ਪਰਮੇਸ਼ੁਰ ਦੀ ਉਸਤਤ ਕਰੋ**! (6) ਤਾਂ ਮੈਂ ਵੱਡੀ ਭੀੜ ਦੀ ਅਵਾਜ਼ ਜਿਹੀ ਅਤੇ ਬਾਹਲਿਆਂ ਪਾਣੀਆਂ ਦੀ ਅਵਾਜ਼ ਜਿਹੀ ਅਤੇ ਬੱਦਲ ਦੀਆਂ ਡਾਢੀਆਂ ਗਰਜਾਂ ਦੀ ਅਵਾਜ਼ ਜਿਹੀ ਇਹ ਆਖਦੇ ਸੁਣੀ,—ਹਲਲੂਯਾਹ! ਪ੍ਰਭੁ ਸਾਡਾ ਪਰਮੇਸ਼ੁਰ ਸਰਬ ਸ਼ਕਤੀਮਾਨ ਰਾਜ ਕਰਦਾ ਹੈ! (7) ਆਓ, ਅਸੀਂ ਅਨੰਦ ਕਰੀਏ ਅਤੇ ਨਿਹਾਲ ਹੋਈਏ, ਅਤੇ ਉਹ ਦੀ ਵਡਿਆਈ ਕਰੀਏ, **ਲੇਲੇ ਦਾ ਵਿਆਹ** ਜੋ ਆ ਗਿਆ ਹੈ, ਅਤੇ **ਉਹ ਦੀ ਲਾੜੀ** ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ। (8) ਏਹ ਉਸ ਨੂੰ ਬਖਸ਼ਿਆ ਗਿਆ ਭਈ ਭੜਕੀਲੇ ਅਤੇ ਸਾਫ ਕਤਾਨ ਦੀ ਪੁਸ਼ਾਕ ਪਾਵੇ, ਏਹ ਕਤਾਨ ਤਾਂ ਸੰਤਾਂ ਦਾ ਧਰਮੀ ਕੰਮ ਹੈ। (9) ਤਾਂ ਓਨ ਮੈਨੂੰ ਆਖਿਆ, ਲਿਖ ਭਈ ਧੰਨ ਓਹ ਜਿਹੜੇ **ਲੇਲੇ ਦੇ ਵਿਆਹ ਦੀ ਦਾਉਤ** ਵਿੱਚ **ਸੱਦੇ ਹੋਏ** ਹਨ! ਅਤੇ ਓਨ ਮੈਨੂੰ ਆਖਿਆ ਭਈ ਏਹ ਪਰਮੇਸ਼ੁਰ ਦੀਆਂ ਸੱਚੀਆਂ ਗੱਲਾਂ ਹਨ।

ਸ਼ੁਕਰਾਨਾ:
ਦਾ ਕ੍ਰਿਸਚਿਅਨ ਲਾਈਫ਼ ਨਿਊ ਟੈਸਟਾਮੈਂਟ; ਥੋਮਸ ਨੇਲਸਨ, ਪਬਲਿਸ਼ਰਸ।
ਮੈਥਿਊ ਹੈਨਰੀ ਦੀ ਕੁਮੈਂਟਰੀ

ਉਨ੍ਹਾਂ ਲਈ ਪਰਮੇਸ਼ੁਰ ਦੀਆਂ ਬਰਕਤਾਂ ਜੋ ਉਸ ਦਾ ਭੈ ਮੰਨਦੇ ਹਨ:

ਜ਼ਬੂਰ 31:19-20 ਕੇਡੀ ਵੱਡੀ ਹੈ ਤੇਰੀ ਭਲਿਆਈ! ਜਿਹੜੀ **ਤੈਂ ਆਪਣੇ ਭੈ ਮੰਨਣ ਵਾਲਿਆਂ** ਦੇ ਲਈ ਗੁਪਤ ਕਰ ਰੱਖੀ ਹੈ, ਜਿਹੜੀ ਤੈਂ ਆਪਣਿਆਂ ਸ਼ਰਨਾਰਥੀਆਂ ਲਈ ਆਦਮ ਵੰਸ ਦੇ ਸਨਮੁਖ ਪਰਗਟ ਕੀਤੀ ਹੈ। (20) ਤੂੰ ਉਨ੍ਹਾਂ ਨੂੰ ਆਪਣੀ ਦਰਗਾਹ ਦੀ ਓਟ ਵਿੱਚ ਮਨੁੱਖ ਦੀਆਂ ਜੁਗਤਾਂ ਤੋਂ ਛਿਪਾਵੇਂਗਾ, ਤੂੰ ਉਨ੍ਹਾਂ ਨੂੰ ਜੀਭਾਂ ਦੇ ਝਗੜੇ ਤੋਂ ਮੰਡਪ ਵਿੱਚ ਲੁਕਾ ਰੱਖੇਂਗਾ।

ਜ਼ਬੂਰ 33:18 ਵੇਖੋ, ਯਹੋਵਾਹ ਦੀ ਨਿਗਾਹ **ਆਪਣੇ ਭੈ ਮੰਨਣ ਵਾਲਿਆਂ** ਦੇ ਉੱਤੇ ਹੈ, ਉਨ੍ਹਾਂ ਉੱਤੇ ਜਿਹੜੇ ਉਸ ਦੀ ਦਯਾ ਨੂੰ ਉਡੀਕਦੇ ਹਨ,

ਜ਼ਬੂਰ 34:7 ਯਹੋਵਾਹ ਦਾ ਦੂਤ **ਉਸ ਤੋਂ ਸਾਰੇ ਡਰਨ ਵਾਲਿਆਂ** ਦੇ ਦੁਆਲੇ ਡੇਰਾ ਲਾਉਂਦਾ ਹੈ, ਅਤੇ ਉਨ੍ਹਾਂ ਨੂੰ ਛੁਟਕਾਰਾ ਦਿੰਦਾ ਹੈ।

ਜ਼ਬੂਰ 85:9 ਨਿਸੰਗ ਉਹ ਦਾ ਛੁਟਕਾਰਾ **ਉਹ ਦੇ ਭੈ ਮੰਨਣ ਵਾਲਿਆਂ** ਦੇ ਨੇੜੇ ਹੈ, ਭਈ ਸਾਡੇ ਦੇਸ ਵਿੱਚ ਮਹਿਮਾ ਵੱਸੇ!

ਜ਼ਬੂਰ 86:11 ਹੇ ਯਹੋਵਾਹ, ਮੈਨੂੰ ਆਪਣਾ ਰਾਹ ਸਿਖਲਾ, ਮੈਂ ਤੇਰੀ ਸਚਿਆਈ ਵਿੱਚ ਚੱਲਾਂਗਾ, ਮੇਰੇ ਦਿਲ ਨੂੰ ਇਕਾਗਰ ਕਰ ਕਿ ਮੈਂ **ਤੇਰੇ ਨਾਮ ਦਾ ਭੈ ਮੰਨਾਂ।**

ਜ਼ਬੂਰ 103:11 ਜਿੰਨਾ ਉੱਚਾ ਅਕਾਸ਼ ਧਰਤੀ ਉੱਤੋਂ ਹੈ, ਇੰਨੀ ਵੱਡੀ ਉਹ ਦੀ ਦਯਾ **ਉਹ ਦੇ ਡਰਨ ਵਾਲਿਆਂ** ਉੱਤੇ ਹੈ!

ਜ਼ਬੂਰ 103:13 ਜਿਵੇਂ ਪਿਤਾ ਆਪਣੇ ਬੱਚਿਆਂ ਦਾ ਤਰਸ ਖਾਂਦਾ ਹੈ, ਤਿਵੇਂ ਯਹੋਵਾਹ **ਆਪਣੇ ਡਰਨ ਵਾਲਿਆਂ** ਦਾ ਤਰਸ ਖਾਂਦਾ ਹੈ।

ਜ਼ਬੂਰ 103:17 ਪਰ ਯਹੋਵਾਹ ਦੀ ਦਯਾ ਆਦ ਤੋਂ ਅੰਤ ਤੀਕ **ਆਪਣੇ ਡਰਨ ਵਾਲਿਆਂ** ਦੇ ਉੱਤੇ ਹੈ, ਅਤੇ ਉਹ ਦਾ ਧਰਮ ਪੁੱਤਰਾਂ ਪੋਤ੍ਰਿਆਂ ਤੀਕ,

ਜ਼ਬੂਰ 111:10 **ਯਹੋਵਾਹ ਦਾ ਡਰ** ਬੁੱਧ ਦਾ ਮੂਲ ਹੈ, ਜਿੰਨੇ ਉਨ੍ਹਾਂ ਨੂੰ ਪੂਰਾ ਕਰਦੇ ਹਨ ਉਨ੍ਹਾਂ ਦੀ ਸਮਝ ਚੰਗੀ ਹੈ, ਉਹ ਦੀ ਉਸਤਤ ਸਦਾ ਤੀਕ ਬਣੀ ਰਹੇਗੀ।

ਜ਼ਬੂਰ 115:11 ਹੇ **ਯਹੋਵਾਹ ਤੋਂ ਡਰਨ ਵਾਲਿਓ**, ਯਹੋਵਾਹ ਉੱਤੇ ਭਰੋਸਾ ਰੱਖੋ! ਉਹ ਓਹਨਾਂ ਦਾ ਸਹਾਇਕ ਤੇ ਓਹਨਾਂ ਦੀ ਢਾਲ ਹੈ।

ਜ਼ਬੂਰ 115:13 ਉਹ **ਯਹੋਵਾਹ ਤੋਂ ਡਰਨ ਵਾਲਿਆਂ** ਨੂੰ ਬਰਕਤ ਦੇਵੇਗਾ, ਕੀ ਛੋਟੇ ਕੀ ਵੱਡੇ!

ਜ਼ਬੂਰ 119:63 ਮੈਂ ਉਨ੍ਹਾਂ ਸਾਰਿਆਂ ਦਾ ਸਾਥੀ ਹਾਂ ਜਿਹੜੇ **ਤੇਰਾ ਭੈ ਰੱਖਦੇ** ਹਨ, ਅਤੇ ਤੇਰੇ ਫ਼ਰਮਾਨਾਂ ਦੀ ਪਾਲਨਾ ਕਰਦੇ ਹਨ।

ਜ਼ਬੂਰ 119:120 **ਤੇਰੇ ਭੈ** ਦੇ ਮਾਰੇ ਮੇਰਾ ਸਰੀਰ ਕੰਬਦਾ ਹੈ, ਅਤੇ ਮੈਂ ਤੇਰਿਆਂ ਨਿਆਵਾਂ ਤੋਂ ਡਰਦਾ ਹਾਂ।

ਜ਼ਬੂਰ 145:19 ਉਹ **ਆਪਣਾ ਭੈ ਮੰਨਣ ਵਾਲਿਆਂ** ਦੀ ਇੱਛਿਆ ਪੂਰੀ ਕਰੇਗਾ, ਅਤੇ ਉਨ੍ਹਾਂ ਦੀ ਦੁਹਾਈ ਨੂੰ ਸੁਣੇਗਾ ਤੇ ਉਨ੍ਹਾਂ ਨੂੰ ਬਚਾਵੇਗਾ।

ਜ਼ਬੂਰ 147:11 ਯਹੋਵਾਹ **ਆਪਣਾ ਭੈ ਮੰਨਣ ਵਾਲਿਆਂ** ਉੱਤੇ ਰੀਝਦਾ ਹੈ, ਅਤੇ ਆਪਣੀ ਦਯਾ ਦੀ ਆਸਵੰਦਾਂ ਉੱਤੇ ਵੀ।